# *ਵਿਰੋਧ ਦਾ ਬੀਜ*

ਮੈਂ ਇੱਕ ਛੋਟੇ ਵਿਸ਼ੇ ਲਈ ਅੱਜ ਰਾਤ ਜਾਣ ਫਿਰ ਥੋੜ੍ਹਾ ਜਿਹਾ ਪੜ੍ਹਨ ਲਈ ਇਹ ਚੁਣਿਆ ਹੈ ਜੇ ਖੁਦਾ ਨੇ ਚਾਹਿਆ ਤਾਂ ਕਿ ਸਾਨੂੰ ਇਹਦਾ ਮੂਲ ਪਾਠ ਮਿਲ ਸਕੇ, ਸੰਤ ਮੱਤੀ ਦੀ ਇੰਜੀਲ ਵਿੱਚੋਂ 13 ਅਧਿਆਏ 24 ਤੋਂ ਲੈ ਕੇ 30 ਤਕ। ਅਤੇ ਉਹਦੇ ਬਾਅਦ ਮੈਂ 36 ਆਇਤ ਤੋਂ ਲੈ ਕੇ 40 ਆਇਤ ਤਕ ਵੀ ਪੜ੍ਹਨਾ ਚਾਹੁੰਦਾ ਹਾਂ ਬਸ ਹੁਣ ਤੋਂ ਕੁਝ ਪਲਾਂ ਦੇ ਅੰਦਰ। ਹੁਣ ਸੰਤ ਮੱਤੀ ਉਹਦਾ 13 ਅਧਿਆਏ, ਸੰਤ ਮੱਤੀ ਦੇ 13 ਅਧਿਆਏ ਦੀ 24 ਆਇਤ ਤੋਂ ਆਰੰਭ ਕਰਕੇ ਵਚਨ ਦੇ ਪੜ੍ਹੇ ਜਾਣ ਨੂੰ ਧਿਆਨ ਨਾਲ ਸੁਣੋ। ਮੇਰੇ ਵਚਨ ਟਲ ਜਾਣਗੇ ਪਰ ਉਹਦੇ ਵਚਨ ਕਦੇ ਨਹੀਂ ਟਲਣਗੇ।

*ਉਸਨੇ ਉਨ੍ਹਾਂ ਨੂੰ ਇੱਕ ਹੋਰ ਦ੍ਰਿਸ਼ਟਾਂਤ ਦੇ ਕੇ ਕਿਹਾ ਭਈ ਸੁਰਗ ਦਾ ਰਾਜ ਇੱਕ ਮਨੁੱਖ ਵਰਗਾ ਹੈ ਜਿਹਨੇ ਆਪਣੇ ਖੇਤ ਵਿੱਚ ਚੰਗਾ ਬੀਜ ਬੀਜਿਆ :*

*ਪਰ ਜਦ ਲੋਕ ਸੌਂ ਰਹੇ ਸਨ ਤਦ ਉਹਦਾ ਵੈਰੀ ਆਇਆ ਅਤੇ ਉਹ ਕਣਕ ਵਿੱਚ ਜੰਗਲੀ ਬੂਟੀ ਬੀਜ ਗਿਆ।*

*ਅਤੇ ਜਦ ਅੰਗੂਰੀ ਨਿਕਲੀ ਅਤੇ ਸਿੱਟੇ ਲੱਗੇ ਤਦ ਜੰਗਲੀ ਬੂਟੀ ਵੀ ਦਿਸ ਪਈ।*

*ਤਾਂ ਘਰ ਦੇ ਮਾਲਕ ਦੇ ਚਾਕਰਾਂ ਨੇ ਕੋਲ ਆਣ ਕੇ ਉਹ ਨੂੰ ਆਖਿਆ, ਭਲਾ ਸੁਆਮੀ ਜੀ ਤੁਸਾਂ ਆਪਣੇ ਖੇਤ ਵਿੱਚ ਚੰਗਾ ਬੀਜ ਨਹੀਂ ਸੀ ਬੀਜਿਆ? ਫਿਰ ਇਹ ਜੰਗਲੀ ਬੂਟੀ ਕਿਥੋਂ ਆਈ?*

*ਉਹਨੇ ਉਹਨਾਂ ਨੂੰ ਆਖਿਆ, ਇਹ ਕਿਸੇ ਵੈਰੀ ਦਾ ਕੰਮ ਹੈ। ਤਾਂ ਚਾਕਰਾਂ ਨੇ ਉਹਨੂੰ ਆਖਿਆ ਜੇ ਤੇਰੀ ਮਰਜ਼ੀ ਹੋਵੇ ਤਾਂ ਅਸੀਂ ਜਾਂ ਕੇ...ਉਹਨੂੰ ਇਕੱਠੇ ਕਰੀਏ?*

*ਪਰ ਉਹ ਨੇ ਆਖਿਆ, ਨਾ; ਕਿਤੇ ਤੁਸਾਂ ਜੰਗਲੀ ਬੂਟੀ ਨੂੰ ਇਕੱਠਾ ਕਰਦਿਆਂ ਕਣਕ ਨੂੰ ਵੀ ਨਾਲ ਹੀ ਪੁੱਟ ਲਓ।*

*ਵਾਢੀ ਤਾਈਂ ਦੋਵਾਂ ਨੂੰ ਰਲੇ ਮਿਲੇ ਵਧਣ ਦਿਓ; ਅਤੇ ਮੈਂ ਵਾਢੀ ਦੇ ਵੇਲੇ ਵੱਢਣ ਵਾਲਿਆਂ ਨੂੰ ਆਖਾਂਗਾ ਜੋ ਪਹਿਲਾਂ ਜੰਗਲੀ ਬੂਟੀ ਨੂੰ ਇਕੱਠਾ ਕਰੋ ਅਤੇ ਫੂਕਣ ਲਈ ਉਹਨਾਂ ਦੀਆਂ ਪੂਲੀਆਂ ਬਣਾਓ ਪਰ ਕਣਕ ਨੂੰ ਮੇਰੇ ਕੋਠੇ ਵਿੱਚ ਜਮਾਂ ਕਰੋ।*

2 ਕੀ ਤੁਸੀਂ ਧਿਆਨ ਦਿੱਤਾ ਹੈ, "ਜੰਗਲੀ ਬੂਟੀ ਨੂੰ ਪਹਿਲਾਂ ਇਕੱਠਾ ਕਰੋ, ਅਤੇ ਉਹਨਾਂ ਦੀਆਂ ਪੂਲੀਆਂ ਬੰਨੋ"? ਹੁਣ ਇਸ ਭਾਗ ਨੂੰ ਪੜ੍ਹਦੇ ਹੋਏ ਉੱਥੇ ਕੋਈ ਅਜੀਬ ਚੀਜ ਸੀ ਜੋ ਮੇਰੇ ਜਿਹਨ ਵਿਚ ਆਈ। ਜਦ ਕਿ ਉਸ ਰਾਤ ਮੈਂ ਪ੍ਰਾਰਥਨਾ ਵਿੱਚ ਕੈਟਾਲੀਨਾਂ ਪਹਾੜਾਂ ਦੀ ਚੋਟੀ ਉੱਤੇ ਬੈਠਾ ਹੋਇਆ ਸੀ। ਅਤੇ ਤਦ ਮੈਂ ਸੋਚਿਆ, "ਜੋ ਅੱਜ ਰਾਤ ਮੈਂ ਬੋਲਣਾ ਚਾਹੁੰਦਾ ਹਾਂ ਇਹਦੇ ਸੰਬੰਧ ਵਿੱਚ ਮੈਨੂੰ ਕਿਥੋਂ ਵਚਨ ਮਿਲ ਸਕਦਾ ਹੈ"?

3 ਤੇ ਮੈਂ ਹੇਠਾਂ ਗਿਆ ਤੇ ਜਾ ਕੇ *ਵਿਰੋਧ ਦੇ ਬੀਜ* ਨੂੰ ਲੱਭ ਲਿਆ ਅਤੇ ਮੈਂ ਸ਼ਬਦ ਕੋਸ਼ ਲਿਆ ਅਤੇ ਇਹਨੂੰ ਸ਼ਬਦ ਕੋਸ਼ ਵਿੱਚ ਵੇਖਿਆ ਹੈ ਕਿ *ਡਿਸਕਰੇਪੈਂਸੀ* ਸ਼ਬਦ ਦਾ ਕੀ ਅਰਥ ਹੈ। ਇਹਦਾ ਅਰਥ ਹੈ ਕਿ "ਫੁੱਟ ਦਾ ਬੀਜ ਬੀਜਣਾ", ਜਾਂ ਫਿਰ "ਜੋ ਕੁਝ ਪਹਿਲਾਂ ਹੀ ਮੌਜੂਦ ਹੈ, ਉਹਦੇ ਉਲਟ ਹੋਣਾ" ਸੋ ਮੈਂ ਸੋਚਿਆ ਕਿ ਅੱਜ ਰਾਤ ਦੇ ਮਜਮੂਨ ਨੂੰ ਮੈਂ ਆਖਾਂਗਾ: *ਵਿਰੋਧ ਦਾ ਬੀਜ*। ਯਕੀਨ ਕਰਦਾ ਹਾਂ ਕਿ ਹੁਣ ਖੁਦਾ ਆਪਣੇ ਵਚਨ ਨੂੰ ਬਰਕਤ ਦੇਵੇਗਾ ਜਿਵੇਂ ਹੀ ਅਸੀਂ ਇਹਦੀ ਵੱਲ ਆਉਂਦੇ ਹਾਂ।

4 ਅਤੇ ਅਸੀਂ ਵੀ ਜਾਣਦੇ ਹਾਂ ਕਿ ਉਹਨੇ 36 ਆਇਤ ਵਿੱਚ ਇਹਦੀ ਵਿਆਖਿਆ ਵੀ ਕੀਤੀ ਹੈ ਅਤੇ 43 ਆਇਤ ਤਕ ਵਿਆਖਿਆ ਪਾਈ ਜਾਂਦੀ ਹੈ। ਕਿਵੇਂ ਇਹ ਬੀਜ ਪੱਕ ਗਿਆ ਅਤੇ ਜਦ ਅਸੀਂ ਇਹਦੇ ਤੇ ਵਿਆਖਿਆ ਕਰ ਰਹੇ ਹਾਂ ਤਾਂ ਫਿਰ ਆਓ ਇਹਨੂੰ ਵੀ ਪੜ੍ਹੀਏ 36 ਆਇਤ ਤੋਂ 43 ਆਇਤ ਤਕ।

> *ਤਦ ਉਹ ਭੀੜ ਨੂੰ ਛੱਡ ਕੇ ਘਰ ਵਿੱਚ ਆਇਆ ਅਤੇ ਉਹਦੇ ਚੇਲਿਆਂ ਨੇ ਉਸ ਕੋਲ ਆਣ ਕੇ ਕਿਹਾ ਕਿ ਖੇਤ ਦੀ ਜੰਗਲੀ ਬੂਟੀ ਦਾ ਦ੍ਰਿਸ਼ਟਾਂਤ ਖੋਲ ਕੇ ਸਾਨੂੰ ਦੱਸ।*
>
> *ਤਾਂ ਉਸਨੇ ਉੱਤਰ ਦਿੱਤਾ ਜਿਹੜਾ ਚੰਗਾ ਬੀਜ ਬੀਜਦਾ ਹੈ ਉਹ ਮਨੁੱਖ ਦਾ ਪੁੱਤਰ ਹੈ;*
>
> *ਖੇਤ ਜਗਤ ਹੈ; ਅਤੇ ਚੰਗਾ ਬੀਜ ਰਾਜੇ ਦੇ ਪੁੱਤਰ ਹਨ; ਅਤੇ ਜੰਗਲੀ ਬੂਟੀ ਦੁਸ਼ਟ ਦੇ ਪੁੱਤਰ ਹਨ;*
>
> *ਅਤੇ ਜਿਸ ਵੈਰੀ ਨੇ ਉਹ ਨੂੰ ਬੀਜਿਆ ਹੈ ਉਹ ਸ਼ੈਤਾਨ ਹੈ; ਵਾਢੀ ਦਾ ਵੇਲਾ ਜਗਤ ਦਾ ਅੰਤ ਹੈ; ਅਤੇ ਵੱਢਣ ਵਾਲੇ ਦੂਤ ਹਨ।*
>
> *ਸੋ ਜਿਸ ਪ੍ਰਕਾਰ ਜੰਗਲੀ ਬੂਟੀ ਇਕੱਠੀ ਕੀਤੀ ਅਤੇ ਅੱਗ ਵਿੱਚ ਫੂਕੀ ਜਾਂਦੀ ਹੈ; ਉਸ ਪ੍ਰਕਾਰ ਇਸ ਯੁੱਗ ਦੇ ਅੰਤ ਦੇ ਸਮੇਂ ਹੋਵੇਗਾ।*
>
> *ਮਨੁੱਖ ਦਾ ਪੁੱਤਰ ਆਪਣਿਆਂ ਦੂਤਾਂ ਨੂੰ ਘੱਲੇਗਾ ਅਤੇ ਉਹ ਉਸ ਦੇ ਰਾਜ ਵਿੱਚੋਂ ਸਾਰੀਆਂ ਠੋਕਰ ਖੁਆਉਣ ਵਾਲੀਆਂ ਚੀਜਾਂ ਨੂੰ ਅਤੇ ਕੁਕਰਮੀਆਂ ਨੂੰ ਇਕੱਠਿਆਂ ਕਰਨਗੇ;*

*ਅਤੇ ਉਹਨਾਂ ਨੂੰ ਭੱਖਦੇ ਭੱਠੇ ਵਿੱਚ, ਸੁੱਟ ਦੇਣਗੇ: ਉੱਥੇ ਰੋਣਾ ਅਤੇ ਕਚੀਚੀਆਂ ਵੱਟਣਾ ਹੋਵੇਗਾ।*

*ਤਦ ਧਰਮੀ ਲੋਕ ਆਪਣੇ ਪਿਤਾ ਦੇ ਰਾਜ ਵਿੱਚ ਸੂਰਗ ਵਾਂਗੂ ਚਮਕਣਗੇ ਜਿਹਦੇ ਕੰਨ...ਹੋਣ ਸੋ ਸੁਣੇ।*

5 ਇਹ ਤਾਂ ਯਿਸੂ ਆਪ ਦ੍ਰਿਸ਼ਟਾਂਤ ਦੀ ਵਿਆਖਿਆ ਕਰ ਰਿਹਾ ਸੀ, ਆਪ, ਇਸੇ ਕਰਕੇ ਅਸੀਂ ਜਾਣਦੇ ਹਾਂ ਕਿ ਵਿਆਖਿਆ ਦਾ ਕੀ ਮਤਲਬ ਹੈ। ਹੁਣ ਜਦ ਕਿ ਅਸੀਂ ਇਹਦੀ ਵੱਲ ਆ ਰਹੇ ਹਾਂ, ਇਸ ਬੀਜ ਬੀਜਣ ਦੇ ਵਿਸ਼ੇ ਦੀ ਵੱਲ ਅਤੇ ਵਾਢੀ ਦੇ ਵੱਲ। ਤੇ ਹੁਣ ਯਿਸੂ ਖੁਦ ਇਹਦੀ ਵਿਆਖਿਆ ਕਰਦਾ ਹੈ। ਅਤੇ ਤਦ ਮੈਂ ਨਿਹਚਾ ਕਰਦਾ ਹਾਂ ਯਿਸੂ ਇਸ ਦ੍ਰਿਸ਼ਟਾਂਤ ਨੂੰ ਆਪਣੇ ਸਮੇਂ ਵਿੱਚ ਬੋਲ ਰਿਹਾ ਸੀ। ਪਰ ਉਹ ਇਹਦਾ ਅਰਥ ਅੰਤ ਦੇ ਦਿਨਾਂ ਦੇ ਲਈ ਦੱਸ ਰਿਹਾ ਸੀ ਜਾਂ ਫਿਰ ਯੁੱਗ ਦੇ ਅੰਤ ਵਿੱਚ, ਜੋ ਕਿ *ਇਹ* ਸਮਾਂ ਹੈ। ਅਤੇ ਮੈਂ ਨਿਹਚਾ ਕਰਦਾ ਹਾਂ ਕਿ ਇਹ ਛੋਟਾ ਜਿਹਾ ਵਿਸ਼ਾ ਅੱਜ ਰਾਤ ਇਸ ਘੜੀ ਦੇ ਲਈ ਬਿਲਕੁਲ ਢੁਕਵਾਂ ਹੈ ਜਿਹਦੇ ਵਿੱਚ ਅਸੀਂ ਰਹਿ ਰਹੇ ਹਾਂ ਕਿਉਂਕਿ ਯਿਸੂ ਨੇ ਇੱਥੇ ਇਸਨੂੰ ਸਪਸ਼ਟ ਤਰੀਕੇ ਨਾਲ ਆਖਿਆ ਹੈ ਕਿ "ਇਸ ਜਗਤ ਦੇ ਅੰਤ ਵਿੱਚ ਇਕੱਠਾ ਕੀਤਾ ਜਾਣਾ ਹੋਵੇਗਾ"। ਇਹ ਉਦੋਂ ਹੋਵੇਗਾ ਜਦੋਂ ਕਿ ਅੰਤ ਆ ਜਾਵੇਗਾ ਕਣਕ ਦਾ ਜਮਾਂ ਕਰਨ; ਤੇ ਜੰਗਲੀ ਬੂਟੀ ਨੂੰ ਵੀ ਫੂਕਣ ਲਈ ਪੂਲਿਆਂ ਵਿੱਚ ਬੰਨ੍ਹਿਆ ਜਾਵੇਗਾ। ਅਤੇ ਕਣਕ ਉਹਦੇ ਰਾਜ ਦੇ ਅੰਦਰ ਜਮਾਂ ਕਰ ਲਈ ਜਾਵੇਗੀ। ਅਤੇ ਮੈਂ ਨਿਹਚਾ ਕਰਦਾ ਹਾਂ ਕਿ ਇਹ ਇਸ ਢੰਗ ਨਾਲ ਹੋਵੇਗਾ।

6 ਅਤੇ ਇੱਕ ਹੋਰ ਲਿਖਤ ਮੈਨੂੰ ਇਸ ਤਰ੍ਹਾਂ ਦੇ ਨਾਲ ਨਿਹਚਾ ਕਰਨ ਲਈ ਅਗੁਵਾਈ ਕਰਦੀ ਹੈ ਮੈਂ ਇਹਨੂੰ ਇੱਥੇ ਲਿਖਿਆ ਹੋਇਆ ਹੈ ਅਤੇ ਉਹ ਮੱਤੀ 24:24 ਹੈ ਜਿੱਥੇ ਕਿ ਇਹ ਆਖਿਆ ਗਿਆ ਹੈ ਗੱਦੀ ਦੇ ਬਾਰੇ ਗੱਲਬਾਤ ਕਰਦੇ ਹੋਏ, ਵਿਰੋਧ ਦੇ ਬਾਰੇ ਵਿੱਚ। ਯਿਸੂ ਨੇ ਆਖਿਆ ਕਿ ਇਹ ਦੋਵੇਂ ਬੀ ਏਜ ਇੱਕ ਦੂਜੇ ਦੇ ਇਨੇ ਨੇੜੇ ਹੋਣਗੇ ਜੇ ਹੋ ਸਕਿਆ ਤਾਂ ਚੁਣਿਆਂ ਹੋਇਆਂ ਨੂੰ ਵੀ ਭੁਚਲਾਵੇ ਵਿੱਚ ਪਾ ਦਿੰਦੇ। ਦੋਵੇਂ ਹੀ ਬੀਜ ਇੱਕੋ ਜਿਹੇ ਹੀ ਹੋਣਗੇ।

7 ਇੱਕ ਥਾਂ ਪਵਿੱਤਰ ਲਿਖਤਾਂ ਦੇ ਅੰਦਰ ਹੈ ਜਿੱਥੇ ਕਿ ਇਹ ਲਿਖਿਆ ਹੋਇਆ ਹੈ। ਮੀਂਹ ਧਰਮੀਆਂ ਅਤੇ ਕੁਧਰਮੀਆਂ ਦੋਵਾਂ ਦੇ ਉੱਤੇ ਪੈਂਦਾ ਹੈ।

8 ਮੈਨੂੰ ਯਾਦ ਹੈ ਕਿ ਜਦ ਕਦੇ ਮੈਂ ਪਹਿਲੀ ਵਾਰ ਪੈਂਤੀਕੁਸਤੀਆਂ ਦੇ ਵਿਚਕਾਏ ਗਿਆ ਸੀ ਤੇ ਮੈਂ ਮਿਸ਼ਵਾਕਾ ਇੰਡਿਆਨਾ ਵਿੱਚ ਸਾਂ। ਮੈਂ ਉੱਥੇ ਇੱਕ ਵੱਡੀ ਕੰਨਵੇਨਸ਼ਨ ਵਿੱਚ ਹਾਜਰ ਸਾਂ, ਅਤੇ ਇਸੇ ਤਰ੍ਹਾਂ ਦਾ ਦਾ ਹੀ ਉੱਥੇ ਸਭਾ ਭਵਨ ਸੀ। ਜਿੱਥੇ ਕਿ ਲੋਕ ਉੱਤਰ ਤੇ ਦੱਖਣ ਵੱਲ ਦੇ ਸਭ ਇਕੱਠੇ ਹੋਏ ਸਨ ਕਿਉਂਕਿ ਉਹਨਾਂ ਦਿਨਾਂ ਦੇ ਅੰਦਰ ਜਾਤਪਾਤ ਦੇ ਰੰਗ ਰੂਪ ਦਾ ਭਿੰਨ ਭੇਦ ਚੱਲ ਰਿਹਾ

ਸੀ ਅਤੇ ਉਹਨਾਂ ਨੂੰ ਉੱਥੇ ਇਕੱਠਾ ਹੋਣਾ ਪਿਆ। ਅਤੇ ਉਹ ਦੋ ਤਰ੍ਹਾਂ ਦੇ ਬੜੇ ਵੱਡੇ ਪੈਂਤੀਕੁਸਤੀਏ ਭਾਈਆਂ ਦੇ ਜੁੱਟ ਸਨ ਜੋ ਉੱਥੇ ਜਮਾਂ ਹੋਏ ਸਨ। ਨਾ ਤਾਂ ਮੈਂ ਉਹਨਾਂ ਦਾ ਪਹਿਲਾਂ ਪ੍ਰਚਾਰ ਹੀ ਸੁਣਿਆ ਸੀ ਤੇ ਨਾ ਹੀ ਮੈਂ ਉਹਨਾਂ ਨੂੰ ਕਦੇ ਮਿਲਿਆ ਸੀ। ਅਤੇ ਗੈਰਜੂਬਾਨਾਂ ਦਾ ਬੋਲਣਾ ਮੈਂ ਪਹਿਲੀ ਵਾਰ ਸੁਣਿਆ ਸੀ ਅਤੇ ਉਸ ਸੰਮੇਲਨ ਦੇ ਅੰਤ ਵਿੱਚ, ਮੈਂ ਜੋ ਕਿ ਉਹਨਾਂ ਦਾ ਮੈਬਰ ਨਹੀਂ ਸਾਂ, ਮੈਂ ਤਾਂ ਉਦੋਂ ਇੱਕ ਜਵਾਨ ਬੈਪਟਿਸਟ ਪ੍ਰਚਾਰਕ ਸੀ, ਮੈਂ ਉੱਥੇ ਪਿੱਛੇ ਬੈਠਾ ਹੋਇਆ ਸੀ। ਅਤੇ ਮੈਂਨੂੰ ਯਾਦ ਹੈ ਪਹਿਲੀ ਬਾਰ ਮੈਂ ਕਿਸੇ ਨੂੰ ਪਰਾਈ ਭਾਖਿਆ ਵਿੱਚ ਬੋਲਦੇ ਸੁਣਿਆ ਸੀ। ਮੈਨੂੰ ਤਾਂ ਪਤਾ ਨਹੀਂ ਸੀ ਇਹ ਸਭ ਦਾ ਕੀ ਮਾਜਰਾ ਹੈ। ਤੇ ਤਦ ਇਹ ਦੋ ਆਦਮੀ, ਮੁੱਖ ਤੌਰ ਤੇ, ਸਾਹਮਣੇ ਬੈਠ ਗਏ। ਇੱਕ ਗੈਰਜੂਬਾਨ ਬੋਲਦਾ ਸੀ ਤੇ ਦੂਜਾ ਉਹਦਾ ਅਨੁਵਾਦ ਕਰਦਾ ਸੀ ਜੋ ਕਿ ਉਸ ਆਦਮੀ ਨੇ ਆਖਿਆ ਸੀ। ਠੀਕ ਹੈ, ਭਾਈ ਉੱਥੇ ਉਦੋਂ ਹੀ ਜਿਨ੍ਹਾਂ ਵੀ ਜੋਰ ਦੇ ਨਾਲ ਮੈਂ ਆਪਣੀ ਬਾਈਬਲ ਦਾ ਅਧਿਐਨ ਕਰ ਸਕਦਾ ਹਾਂ ਮੈਂ ਕਰਨਾ ਆਰੰਭ ਕੀਤਾ। ਅਤੇ ਮੈਨੂੰ ਪਤਾ ਲੱਗਾ ਕਿ ਇਹ ਹੋਰ ਸਭ ਕੁਝ ਤਾਂ ਲਿਖਤਾਂ ਦੇ ਅਨੁਸਾਰ ਹੈ। ਇਹ ਬਿਲਕੁਲ ਠੀਕ ਹੈ ਕਿ ਜੋ ਪਵਿੱਤਰ ਆਤਮਾ ਕਰੇਗਾ।

9 ਠੀਕ ਹੈ, ਭਾਈ ਉਹਦੇ ਇੱਕ ਦਿਨ ਬਾਅਦ…ਉਸ ਰਾਤ ਮੇਰਾ ਦਿਲ ਬਹੁਤ ਉਤਸ਼ਾਹ ਨਾਲ ਭਰਿਆ ਹੋਇਆ ਸੀ। ਤੇ ਮੈਂ ਦਾਣਿਆਂ ਵਾਲੀ ਪੈਲੀ ਵਿੱਚ ਹੀ ਜਾ ਕੇ ਸੌਂ ਗਿਆ। ਅਤੇ ਮੇਰੇ ਕੋਲ ਕਿਸੇ ਹੋਟਲ ਵਿੱਚ ਜਾ ਕੇ ਬਿਸਤਰੇ ਉੱਤੇ ਗਾਉਣ ਦੇ ਲਈ ਪੈਸਾ ਨਹੀਂ ਸੀ। ਬਸ ਮੇਰੇ ਕੋਲ ਇੰਨਾਂ ਕੁ ਹੀ ਪੈਸਾ ਸੀ ਜਿਹਦੇ ਨਾਲ ਕਿ ਮੈਂ ਘਰ ਪਹੁੰਚ ਜਾਵਾਂ। ਮੈਂ ਆਪਣੇ ਨਾਸ਼ਤੇ ਦੇ ਲਈ ਕੁਝ ਡਬਲ ਰੋਟੀ ਵਰਗੀਆਂ ਪੂਣੀਆਂ ਜਿਹੀਆਂ ਖਰੀਦ ਲਈਆਂ ਜੋ ਕਿ ਕਈ ਦਿਨ ਦੀਆਂ ਪੁਰਾਣੀਆਂ ਸਨ ਤੇ ਮੈਨੂੰ ਉਹਨਾਂ ਨੇ ਆਪਣੇ ਨਾਲ ਖਾਣ ਦੇ ਲਈ ਸਵਾਗਤ ਕੀਤਾ ਪਰ ਉਹਨਾਂ ਨੇ ਚੰਦੇ ਦੀ ਪੇਟੀ ਵਿੱਚ ਪਾਉਣ ਦੇ ਲਈ ਮੇਰੇ ਕੋਲ ਵਾਧੂ ਪੈਸਾ ਨਹੀਂ ਸੀ ਤੇ ਉਹਨਾਂ ਦਿਨਾਂ ਦੇ ਅੰਦਰ ਸੰਨ 1933 ਵਿੱਚ ਮੰਦਾ ਸਮਾਂ ਚੱਲ ਰਿਹਾ ਸੀ। ਅਤੇ ਜੀਵਨ ਬਹੁਤ ਔਖਾ ਚੱਲ ਰਿਹਾ ਸੀ। ਤੇ ਮੈਂ ਸੋਚਿਆ, "ਠੀਕ ਹੈ, ਕਿੰਝ…ਮੈਂ ਉਹਨਾਂ ਨਾਲ ਬੈਠ ਕੇ ਖਾਣਾ ਖਾਣਾ ਨਹੀਂ ਚਾਹੁੰਦਾ ਸੀ। ਮੈਂ ਸਿਰਫ਼ ਇਹ ਜਾਣਨਾ ਚਾਹੁੰਦਾ ਸੀ ਕਿ ਆਤਮਿਕ ਤੌਰ ਤੇ ਉਹਨਾਂ ਨੇ ਕੀ ਪਾਇਆ ਹੈ। ਉਹਨਾਂ ਦੇ ਕੋਲ ਕੋਈ ਅਜਿਹੀ ਚੀਜ਼ ਹੈ ਜੋ ਕਿ ਮੇਰੇ ਕੋਲ ਨਹੀਂ ਹੈ"।

10 ਉਸ ਸਵੇਰ…ਉਹਨਾਂ ਨੇ ਮੈਨੂੰ ਆਖਿਆ, "ਸਭ ਸੇਵਾਦਾਰ ਮੰਚ ਤੇ ਆ ਕੇ ਆਪੋ ਆਪਣੀ ਜਾਣ ਪਹਿਚਾਣ ਦੇਣ ਕਿ, ਤੁਸੀਂ ਕੌਣ ਹੋ, ਅਤੇ ਤੁਸੀਂ ਕਿਥੋਂ ਦੇ ਰਹਿਣ ਵਾਲੇ ਹੋ"।

11 ਠੀਕ ਹੈ ਮੈਂਮੈਂ ਤਾਂ ਬਸ ਏਨਾ ਹੀ ਆਖਿਆ ਹੈ, "ਵਿਲਿਅਮ ਬ੍ਰਾਨਹਮ

ਇੰਜੀਲ ਦਾ ਪ੍ਰਚਾਰਕ ਜੈਫਰਸੰਵਿਲੇ” ਦਾ ਰਹਿਣ ਵਾਲਾ ਤੇ ਬੈਠ ਗਿਆ। ਠੀਕ ਹੈ, ਉਸ ਸਮੇਂ ਮੈਂ ਸਭ ਤੋਂ ਛੋਟਾ ਅਤੇ ਜਵਾਨ ਪ੍ਰਚਾਰਕ ਉਸ ਮੰਚ ਉੱਤੇ ਮੌਜੂਦ ਸਾਂ। ਅਗਲੇ ਦਿਨ ਉਹਨਾਂ ਨੇ ਮੈਨੂੰ ਮੰਚ ਤੇ ਪ੍ਰਚਾਰ ਕਰਨ ਲਈ ਬੁਲਾਇਆ। ਤੇ ਜਦ ਮੈਂ ਆਪਣਾ ਪ੍ਰਚਾਰ ਖਤਮ ਕੀਤਾ ਕਿਉਂ ਨਹੀਂ ਭਾਈ ਸਾਡਾ ਤਾਂ ਬੜਾ ਸ਼ਾਨਦਾਰ ਸਮਾਂ ਰਿਹਾ। ਅਤੇ ਤਦ ਮੈਂ ਵੱਖ ਵੱਖ ਲੋਕਾਂ ਨੂੰ ਮਿਲਿਆ ਮੁਲਾਕਾਤ ਕੀਤੀ ਤੇ ਉਹ ਮੈਨੂੰ ਆਪੋ ਆਪਣੇ ਗਿਰਜੇ ਵਿੱਚ ਆ ਕੇ ਪ੍ਰਚਾਰ ਕਰਨ ਲਈ ਸੱਦਾ ਦੇ ਰਹੇ ਸਨ। ਅਤੇ ਫਿਰ ਉਹ…

12 ਉਹਦੇ ਬਾਅਦ ਕਿਉਂ ਨਹੀਂ ਮੈਂ ਸੋਚਿਆ, “ਜੇ ਮੈਂ ਉੱਥੇ ਪਹੁੰਚ ਜਾਵਾਂ ਕਿ ਜਿੱਥੇ ਇਹ ਦੋ ਆਦਮੀ ਸਨ ਜਿਹਦੇ ਵਿੱਚੋਂ ਇੱਕ ਨੇ ਗੈਰਜੁਬਾਨਾਂ ਬੋਲੀਆਂ!” ਤੇ ਦੂਜੇ ਨੇ ਉਹਦਾ ਤੁਰਜਮਾ ਕੀਤਾ। ਇਹ ਗੱਲ ਨੇ ਮੇਰੇ ਅੰਦਰ ਲਾਂਬੂ ਲਾਇਆ ਹੋਇਆ ਸੀ। ਮੈਂ ਇਹ ਵਰਦਾਨ ਪਾਉਣ ਦੀ ਬੜੀ ਲਾਲਸਾ ਰੱਖਦਾ ਹਾਂ। ਠੀਕ ਹੈ ਭਾਈ ਜਿਵੇਂ ਮੈਂ ਤੁਹਾਨੂੰ ਸ਼ੁਰੂ ਵਿੱਚ ਹੀ ਦੱਸਿਆ ਸੀ ਕਿ ਇੱਕ ਛੋਟਾ ਜਿਹਾ ਵਰਦਾਨ ਜਿਹਦੇ ਨਾਲ ਕਿ ਤੁਸੀਂ ਗੱਲਾਂ ਜਾਣ ਲੈਂਦੇ ਹੋ। ਤੁਸੀਂ ਜਾਣਦੇ ਹੋ ਕਿ ਵਰਦਾਨ ਅਤੇ ਸੱਦੇ ਤੌਬਾ ਕਿਤੇ ਬਿਨਾਂ ਹੀ ਮਿਲਦੇ ਹਨ, ਉਹ ਤੁਹਾਡੇ ਜੀਵਨ ਦੇ ਅੰਦਰ ਸਾਰੀ ਉਮਰ ਹੀ ਰਹਿੰਦੇ ਹਨ। ਸਮਝੋ ਤੁਸੀਂ ਉਹਨਾਂ ਦੇ ਨਾਲ ਜਨਮ ਲੈਂਦੇ ਹੋ, ਜੇ ਉਹ ਖੁਦਾ ਦੇ ਵਰਦਾਨ ਹਨ ਤਾਂ ਇਸ ਲਈ ਇਹ ਵਰਦਾਨ ਹਮੇਸ਼ਾ ਹੀ ਮੇਰੇ ਜੀਵਨ ਵਿੱਚ ਕੰਮ ਕਰਦਾ ਰਿਹਾ ਹੈ।ਜਦੋਂ ਮੈਂ ਛੋਟਾ ਬੱਚਾ ਸਾਂ ਉਦੋਂ ਤੋਂ ਹੀ ਇਹ ਹੁੰਦਾ ਰਿਹਾ ਹੈ। ਉਹ ਲੋਕ ਜਿਹਦੇ ਮੇਰੇ ਸਾਰੇ ਜੀਵਨ ਨੂੰ ਜਾਣਦੇ ਹਨ ਉਹਨਾਂ ਨੂੰ ਪਤਾ ਹੈ ਕਿ ਇਹ ਸੱਚਾਈ ਹੈ। ਠੀਕ ਹੈ, ਜੇ ਮੈਂ ਸੋਚਦਾ…ਤਦ ਉਦੋਂ ਇਹ ਕੀ ਸੀ। ਪਰ ਮੈਂ ਸੋਚਿਆ, “ਜਦ ਕਦੇ ਮੈਂ ਉਹਨਾਂ ਨਾਲ ਕਿਤੇ ਗੱਲ ਬਾਤ ਕਰ ਸਕਾਂ!” ਠੀਕ ਹੈ, ਜਿਹੜਾ ਆਤਮਾ ਉਸ ਇਮਾਰਤ ਵਿੱਚ ਸੀ ਉਹ ਇੰਝ ਜਾਪਦਾ ਸੀ ਕਿ ਉਹ ਸੱਚ ਮੁੱਚ ਖੁਦਾ ਦਾ ਪਾਕ ਰੂਹ ਹੈ।

13 ਸੋ ਮੈਂ ਉਹਨਾਂ ਦੋਨਾਂ ਵਿੱਚੋਂ ਇੱਕ ਨਾਲ ਗੱਲਬਾਤ ਕੀਤੀ ਤੇ ਮੈਂ ਉਹਨਾਂ ਨੂੰ ਕੁਝ ਪ੍ਰਸ਼ਨ ਪੁੱਛੇ ਤੇ ਉਹ ਆਦਮੀ ਤਾਂ ਸੱਚ ਮੁੱਚ ਹੀ ਇੱਕ ਖਾਲਸ ਅਤੇ ਅਸਲੀ ਮਸੀਹੀ ਜਨ ਸੀ। ਇਸ ਗੱਲ ਵਿੱਚ ਜਰਾ ਵੀ ਸ਼ੱਕ ਨਹੀਂ ਸੀ ਅਤੇ ਉਹ ਮਨੁੱਖ ਅਸਲ ਵਿੱਚ ਹੀ ਇੱਕ ਸੱਚਾ ਨਿਹਚਾਵਾਨ ਸੀ। ਤੇ ਦੂਜਾ ਆਦਮੀ, ਜਦ ਮੈਂ ਉਹਦੇ ਨਾਲ ਗਲਬਾਤ ਕੀਤੀ, ਜੇ ਮੈਂ ਕਦੇ ਕਿਸੇ ਪਾਖੰਡੀ ਨੂੰ ਮਿਲਿਆ ਹੋਇਆ ਹੋਵਾਂ ਤਾਂ ਉਹ ਆਦਮੀ ਉਹਨਾਂ ਮੱਕਾਰਾਂ ਵਿੱਚੋਂ ਇੱਕ ਸੀ। ਉਹ ਆਦਮੀ ਤਾਂ ਅਸਲ ਵਿੱਚ…ਉਹਦੀ ਪਤਨੀ ਤਾਂ ਨੀਲੇ ਭੂਰੇ ਰੰਗ ਦੇ ਸਿਰ ਵਾਲੀ ਸੀ। ਅਤੇ ਮੈਂ ਸੋਚਿਆ, “ਠੀਕ ਹੈ, ਹੁਣ ਕੀ ਹੈ? ਇਹ ਤਾਂ ਇੱਥੇ ਹੈ, ਮੈਂ—ਮੈਂ ਪੂਰੀ ਤਰ੍ਹਾਂ ਮਿਲਿਆ ਹੋਇਆ ਹਾਂ। ਮੈਂ ਤਾਂ ਇੱਕ ਮੂੜਵਾਦੀ ਹਾਂ; ਇਹਨੇ ਤਾਂ ਜਰੂਰ ਹੀ ਵਚਨ ਹੋਣਾ ਹੈ, ਨਹੀਂ ਤਾਂ ਇਹ ਗਲਤ ਹੈ। ਅਤੇ ਇੱਥੇ ਉਹ ਆਤਮਾ ਹੈ, ਤੇ ਜੋ

ਮੈਂ ਸਭ ਕੁਝ ਜਾਣਦਾ ਹਾਂ, ਉਹਦੇ ਅਨੁਸਾਰ ਤਾਂ ਇੱਕ ਜਨਾ ਅਸਲੀ ਨਿਕਲਿਆ ਹੈ; ਤੇ ਦੂਜਾ ਜਣਾ ਤਾਂ ਬਿਲਕੁਲ ਵੀ ਚੰਗਾ ਨਹੀਂ ਸੀ; ਅਤੇ ਆਤਮਾ ਦੋਵਾਂ ਤੇ ਹੀ ਉੱਤਰ ਰਿਹਾ ਸੀ। ਤੇ ਹੁਣ, ਇਹ ਕਿੰਝ ਹੋ ਸਕਦਾ ਹੈ? ਮੈਂ, ਮੈਂ ਇਹ ਸਭ ਵੇਖ ਕੇ ਹੈਰਾਨ ਹੋ ਗਿਆ।

14 ਦੋ ਸਾਲ ਬਾਅਦ, ਜਿੱਥੇ ਕਿ ਮੈਂ ਅਕਸਰ ਪ੍ਰਾਰਥਨਾ ਕਰਨ ਜਾਂਦਾ ਹਾਂ ਉਸ ਗੁਫਾ ਵਿੱਚ ਪ੍ਰਾਰਥਨਾ ਕਰ ਰਿਹਾ ਸੀ। ਤੇ ਉਸ ਗੁਫਾ ਵਿੱਚ ਮਿੱਟੀ ਧੂਲ ਜੰਮੀ ਹੋਈ ਸੀ, ਤੇ ਇੱਕ ਦੁਪਿਹਰ ਮੈਂ ਉੱਥੇ ਚਲਿਆ ਗਿਆ ਅਤੇ ਆਪਣੀ ਬਾਈਬਲ ਨੂੰ ਮੈਂ ਲੱਕੜ ਦੇ ਲੱਠੇ ਦੇ ਉੱਤੇ ਧਰ ਦਿੱਤਾ। ਤੇ ਹਵਾ ਵੱਗ ਰਹੀ ਸੀ ਤੇ ਹਵਾ ਨੇ ਇਹਨੂੰ ਇਬਰਾਨੀਆਂ ਦੇ 6 ਅਧਿਆਏ ਵਿੱਚ ਖੋਲ ਦਿੱਤਾ। ਜਿੱਥੇ ਇਹ ਆਖਿਆ ਗਿਆ ਹੈ ਕਿ ਅੰਤ ਦੇ ਦਿਨਾਂ ਵਿੱਚ ਜੇ ਅਸੀਂ ਸੱਚਾਈ ਤੋਂ ਹੱਟ ਜਾਵਾਂਗੇ ਤਾਂ ਫਿਰ ਕੀ ਹਾਲ ਹੋਵੇਗਾ ਤੇ ਫਿਰ ਆਪਣੇ ਆਪ ਨੂੰ ਨਵੇਂ ਸਿਰਿਓਂ ਤੋਬਾ ਕਰਵਾਉਣੀ। ਫਿਰ ਪਾਪ ਦੇ ਲਈ ਹੋਰ ਬਾਈਬਲ ਨਹੀਂ ਹੈ ਤੇ ਕਿੰਝ ਉਹ ਕੰਢੇ ਤੇ ਕੰਡਿਆਲੇ ਜੋ ਕਿ ਰੱਦੇ ਜਾਣ ਦੇ ਨੇੜੇ ਸਨ ਜਿਹਨਾਂ ਦਾ ਅੰਤ ਅੱਗ ਵਿੱਚ ਫੂਕਿਆ ਜਾਂਦਾ ਹੈ। ਪਰ ਮੀਂਹ ਤਾਂ ਧਰਤੀ ਉੱਪਰ ਪੈਂਦਾ ਹੈ। ਅਕਸਰ ਇਹਨੂੰ ਪਾਣੀ ਦੇਣ ਦੇ ਲਈ, ਇਹਨੂੰ ਸਵਾਰਨ ਦੇ ਲਈ। ਪਰ ਕੰਢੇ ਤੇ ਕੰਡਿਆਲੇ ਰੱਦੇ ਜਾਣਗੇ। ਪਰ ਕਣਕ ਨੂੰ ਕੋਠਿਆਂ ਵਿੱਚ ਜਮਾਂ ਕੀਤਾ ਜਾਵੇਗਾ। ਅਤੇ ਮੈਂ ਸੋਚਿਆ, "ਸ਼ਾਇਦ ਹਵਾਹ ਦੇ ਨਾਲ ਇਹ ਪੰਨੇ ਉੱਡ ਕੇ ਇੱਥੇ ਆਣ ਖੁੱਲੇ ਹਨ", ਠੀਕ ਹੈ, ਭਾਈ ਮੈਂ ਆਪਣੀ ਬਾਈਬਲ ਫਿਰ ਹੇਠਾਂ ਰੱਖ ਦਿੱਤੀ। ਅਤੇ ਮੈਂ ਸੋਚਿਆ, "ਠੀਕ ਹੈ, ਭਾਈ ਮੈਂ ਬਸ..." ਤੇ ਹਵਾ ਨੇ ਫਿਰ ਆਣ ਕੇ ਉਸੇ ਹੀ ਥਾਂ ਤੇ ਇਸਨੂੰ ਖੋਲ ਦਿੱਤਾ। ਇਸ ਤਰ੍ਹਾਂ ਤਿੰਨ ਵਾਰ ਹੋਇਆ, ਅਤੇ ਮੈਂ ਸੋਚਿਆ "ਠੀਕ ਹੈ, ਭਾਈ ਇਹ ਤਾਂ ਅਜੀਬ ਗੱਲ ਹੈ"।

15 ਅਤੇ ਤਦ ਜਿਦਾਂ ਹੀ ਮੈਂ ਉੱਠਿਆ ਅਤੇ ਮੈਂ ਸੋਚਿਆ, "ਪ੍ਰਭੂ, ਤੂੰ ਕਿਉਂ ਬਾਈਬਲ ਦਾ ਉਹ ਹਿੱਸਾ ਖੋਲ ਕੇ ਸਾਨੂੰ ਪੜਵਾਉਣ ਚਾਹੁੰਦਾ ਹੈਂ, ਮੈਂ...ਜਦ ਮੈਂ ਉਸ ਵਚਨ ਤਕ ਪਹੁੰਚਿਆ, 'ਕੰਢੇ ਤੇ ਕੰਡਿਆਲੇ ਜਿਹੜੇ ਕਿ ਰੱਦੇ ਜਾਣ ਦੇ ਨੇੜੇ ਹਨ ਤੇ ਜਿਹਨਾਂ ਦਾ ਅੰਤ ਸਾੜਿਆ ਜਾਣਾ ਹੈ'"। ਮੈਂ ਸੋਚਿਆ, "ਖੁਦਾਵੰਦਾ ਤੂੰ ਉਹ ਹਿੱਸਾ ਕਾਹਦੇ ਲਈ ਮੇਰੇ ਲਈ ਖੋਲ ਦਿੱਤਾ ਹੈ"। ਅਤੇ ਜਿਵੇਂ ਕਿ ਉਸ ਪਾਰ ਦੇਖਦਿਆਂ...

16 ਹੁਣ ਇਹ ਅਸਲੀ ਦਰਸ਼ਨ ਬਿਨਾਂ ਕਿਸੇ ਜੋਰ ਲਾਇਆਂ ਹੀ ਆਉਂਦੇ ਹਨ, ਇਹ ਤਾਂ ਬਸ ਸਿਰਫ਼ ਖੁਦਾ ਹੀ ਹੈ। ਸਮਝੇ, ਤੇ ਮੈਂ ਵੇਖਿਆ ਇੱਕ ਭੂਮੀ ਮੇਰੇ ਸਾਹਮਣੇ ਚੱਕਰ ਲਾ ਰਹੀ ਸੀ, ਤੇ ਮੈਂ ਵੇਖਿਆ ਸੀ ਕਿ ਇਹਦੇ ਉੱਤੇ ਸੁਹਾਗਾ ਫਿਰਿਆ ਹੋਇਆ ਹੈ। ਉੱਥੇ ਇੱਕ ਆ ਕੇ ਚਿੱਟੇ ਬਸਤ੍ਰ ਪਾ ਕੇ ਆਇਆ,

ਤੇ ਉਹ ਕਣਕ ਦਾ ਬੀਜ ਬੀਜ ਰਿਹਾ ਸੀ। ਉਹ ਧਰਤੀ ਦੇ ਸਾਰੇ ਬੰਨਿਆ ਤਕ ਪਹੁੰਚ ਗਿਆ, ਤੇ ਉਹਦੇ ਕੋਲ ਇੱਕ ਆਦਮੀ ਆਇਆ ਜੋ ਕਿ ਬੜਾ ਖਤਰਨਾਕ ਜਿਹਾ ਜਾਪਦਾ ਸੀ। ਤੇ ਉਹਨੇ ਕਾਲੇ ਕੱਪੜੇ ਪਾਏ ਹੋਏ ਸਨ। ਤੇ ਉਹ ਸਭ ਥਾਂ ਜੰਗਲੀ ਬੂਟੀ ਦਾ ਬੀਜ ਸੁੱਟ ਰਿਹਾ ਸੀ। ਕਣਕ ਤੇ ਜੰਗਲੀ ਬੂਟੀ ਉਹ ਇਕੱਠੇ ਹੀ ਉਗ ਪਏ। ਜਦ ਉਹ ਉੱਗ ਕੇ ਉਤਾਂਹ ਆਏ, ਉਹ ਦੋਵੇਂ ਹੀ ਬੀਜ ਤਿਆਹੇ ਸਨ, ਕਿਉਂਕਿ ਉਹਨਾਂ ਨੂੰ ਮੀਂਹ ਦੀ ਲੋੜ ਸੀ। ਤੇ ਇਦਾਂ ਜਾਪਦਾ ਸੀ ਕਿ ਕਣਕ ਅਤੇ ਜੰਗਲੀ ਬੂਟੀ ਦੋਵੇਂ ਹੀ ਆਪਣਾ ਸਿਰ ਝੁਕਾਅ ਕੇ ਪ੍ਰਾਰਥਨਾ ਕਰ ਰਹੇ ਸਨ, "ਪ੍ਰਭੂ ਮੀਂਹ ਭੇਜ, ਮੀਂਹ ਭੇਜ"। ਤੇ ਵੱਡੇ ਵੱਡੇ ਬਦਲ ਛਾ ਗਏ ਤੇ ਦੋਵਾਂ ਦੇ ਉੱਤੇ ਮੀਂਹ ਪਿਆ। ਤੇ ਜਦ ਮੀਂਹ ਪਿਆ ਤਾਂ ਉਹ ਛੋਟੀ ਜਿਹੀ ਕਣਕ ਛੜੱਪੇ ਮਾਰ ਮਾਰ ਕੇ ਆਖਿਆ, "ਖੁਦਾ ਦੀ ਤਾਰੀਫ ਹੋਵੇ, ਖੁਦਾ ਦੀ ਤਾਰੀਫ"।

17 ਤੇ ਤਦ ਦਰਸ਼ਨ ਵਿੱਚ ਵਿਘਨ ਪੈ ਗਿਆ: ਮੀਂਹ ਧਰਮੀ ਅਤੇ ਬੁਰਿਆਰ ਦੋਵਾਂ ਤੇ ਇੱਕੋ ਜਿਹਾ ਪੈਂਦਾ ਹੈ। ਇਹੋ ਹੀ ਆਤਮਾ ਇੱਕ ਬੰਦਗੀ ਵਿਚ ਉੱਤਰ ਸਕਦਾ ਹੈ। ਤੇ ਹਰੇਕ ਉਹਦਾ ਆਨੰਦ ਮਾਣ ਸਕਦਾ ਹੈ। ਪਖੰਡੀ ਲੋਕ, ਮਸੀਹੀ ਲੋਕ, ਅਤੇ ਸਭ ਰੱਲ ਮਿਲ ਕੇ। ਬਿਲਕੁਲ ਠੀਕ, ਪਰ ਇਹ ਕੀ ਹੈ? ਉਹਨਾਂ ਦੇ ਫਲਾਂ ਤੋਂ ਉਹ ਪਛਾਣੇ ਜਾਂਦੇ ਹਨ, ਸਮਝੇ? ਤੇ ਸਿਰਫ਼ ਇਹਨੂੰ ਜਾਨਣ ਦਾ ਇਹੋ ਹੀ ਤਰੀਕਾ ਹੈ।

18 ਤਦ ਤੁਸੀਂ ਇਹਨੂੰ ਹੁਣ ਵੇਖਦੇ ਹੋ, ਜੰਗਲੀ ਜਵਾਰ, ਜਾਂ ਫਿਰ ਜੰਗਲੀ ਕਣਕ ਅਤੇ ਕਦੇ ਕਦਾਈ ਦਾਣੇ ਅਤੇ ਉਹ ਸੱਚੀ ਕਣਕ ਦੀ ਨਕਲ ਲਾਹੁੰਦੇ ਹਨ, ਘਰੇਲੂ ਦਾਣੇ, ਉਹ ਇਨੇ ਨੇੜੇ ਹੁੰਦੇ ਹਨ ਕਿ ਜੇ ਹੋ ਸਕਿਆ ਤਾਂ ਉਹ ਚੁਣਿਆ ਹੋਇਆਂ ਨੂੰ ਵੀ ਭੁਲਾਵੇ ਵਿੱਚ ਪਾ ਦੇਣ। ਮੈਂ ਸੋਚਦਾ ਹਾਂ ਕਿ ਉਸੇ ਹੀ ਯੁੱਗ ਵਿੱਚ ਅਸੀਂ ਰਹਿ ਰਹੇ ਹਾਂ। ਜਿਸ ਯੁੱਗ ਵਿੱਚ ਇਹਨਾਂ ਚੀਜਾਂ ਦਾ ਪ੍ਰਚਾਰ ਕੀਤਾ ਜਾਣਾ ਚਾਹੀਦਾ ਹੈ ਤੇ ਇਹਨਾਂ ਦੇ ਬਾਰੇ ਵਿੱਚ ਗੱਲ ਬਾਤ ਕਰਨੀ ਚਾਹੀਦੀ ਹੈ।

19 ਹੁਣ 41 ਆਇਤ ਉੱਤੇ ਧਿਆਨ ਦਿਓ, ਉਹ ਦੋਵੇਂ ਇੰਨੇ ਇੱਕੋ ਜਿਹੇ ਹੋਣਗੇ, ਅੰਤ ਦੇ ਦਿਨਾਂ ਵਿੱਚ ਇੰਨੇ ਨੇੜੇ ਹਨ ਕਿ ਉਹਨੇ...ਤੇ ਉਹ ਕਿਸੇ ਖਾਸ ਕਲੀਸੀਆ ਦੇ ਉੱਤੇ ਉਹਨਾਂ ਨੂੰ ਵੱਖ ਕਰਨ ਦੇ ਲਈ ਨਿਰਭਰ ਨਹੀਂ ਸੀ। ਆਖੋ ਕਿ ਮਥੋਡਿਸਤ, ਜਾਂ ਫਿਰ ਬੈਪਟਿਸਟ ਜਾਣ ਫਿਰ ਪੈਂਤੀਕਾਸਤਲ, ਉਹਨਾਂ ਨੂੰ ਵੱਖ ਕਰਨ ਲਈ। ਯਿਸੂ ਨੇ ਆਖਿਆ, "ਉਹ ਆਪਣੇ ਦੂਤਾਂ ਨੂੰ ਉਹਨਾਂ ਨੂੰ ਵੱਖਰਿਆਂ ਕਰਨ ਲਈ ਭੇਜੇਗਾ"। ਇੱਕ ਦੂਤ ਜਾਂ ਸੰਦੇਸ਼ਵਾਹਕ ਵੰਡ ਪਾਉਣ ਦੇ ਲਈ ਆਉਂਦਾ ਹੈ ਤੇ ਉਹ ਗਲਤ ਅਤੇ ਠੀਕ ਨੂੰ ਵੱਖਰਿਆਂ ਕਰਦਾ ਹੈ।

ਅਤੇ ਇਹਨੂੰ ਕੋਈ ਹੋਰ ਕਰ ਹੀ ਨਹੀਂ ਸਕਦਾ ਸਿਵਾਏ ਪ੍ਰਭੂ ਦੇ ਦੂਤ ਦੇ। ਉਹ ਦੂਤ ਹੀ *ਸਿਰਫ਼* ਦੱਸੇਗਾ ਕਿ ਗਲਤ ਕੀ ਹੈ ਅਤੇ ਠੀਕ ਕੀ ਹੈ। ਖੁਦਾ ਨੇ ਆਖਿਆ ਹੈ ਕਿ ਉਹ ਅੰਤ ਦੇ ਦਿਨਾਂ ਵਿੱਚ ਆਪਣੇ ਦੂਤਾਂ ਨੂੰ ਘੱਲੇਗਾ ਤੇ ਫਿਰ ਉਹ ਕਣਕ ਨੂੰ ਜਮਾਂ ਕਰਨਗੇ। ਅਸੀਂ ਜਾਣਦੇ ਹਾਂ ਕਿ ਇਹ ਉਹ ਵਾਢੀ ਦਾ ਵੇਲਾ ਹੈ। ਹੁਣ, ਇੱਕ ਦੂਤ ਦੀ ਅਸਲੀ ਵਿਆਖਿਆ ਹੁੰਦੀ ਹੈ ਇੱਕ "ਸੰਦੇਸ਼ ਵਾਹਕ"। ਅਤੇ ਅਸੀਂ ਵੇਖਦੇ ਹਾਂ ਕਿ ਸਤ ਕਲਿਸਿਆਈ ਯੁੱਗਾਂ ਦੇ ਅੰਦਰ ਸੱਤ ਕਲਿਸਿਆਵਾਂ ਦੇ ਸੱਤ ਦੂਤ ਹਨ। ਅਤੇ ਹੁਣ...ਕਲਿਸਿਆਈ ਯੁਗਾਂ ਦੇ ਥਾਣੀ ਨਹੀਂ।

20 ਹੁਣ ਧਿਆਨ ਦਿਓ ਕਿ ਕੀ ਉਹਨਾਂ ਨੇ ਆਖਿਆ ਸੀ ਕਿ ਬੀ ਬੀਜਣ ਵਾਲੇ ਕੌਣ ਹਨ ਤੇ ਬੀ ਕੌਣ ਹੈ। ਇੱਕ ਬੀ ਬੀਜਣ ਵਾਲਾ, ਉਹ ਖੁਦ ਆਪ ਖੁਦਾ ਦਾ ਪੁੱਤਰ ਸੀ ਜੋ ਕਿ ਬੀ ਬੀਜਣ ਲਈ ਨਿਕਲਿਆ। ਤੇ ਉਹਦੇ ਪਿੱਛੇ ਵੈਰੀ ਆ ਗਿਆ, ਜੋ ਕਿ ਸ਼ੈਤਾਨ ਹੈ, ਤੇ ਆ ਕੇ ਵਿਰੋਧ ਦਾ ਬੀ ਬੀਜ ਦਿੱਤਾ। ਠੀਕ ਬੀ ਬੀਜਣ ਦੇ ਵਿੱਚ। ਹੁਣ ਮਿੱਤਰੋ, ਜਦੋਂ ਦਾ ਵੀ ਜਗਤ ਹੋਂਦ ਵਿੱਚ ਆਇਆ ਹੈ ਹਰੇਕ ਯੁੱਗ ਦੇ ਅੰਦਰ ਇਹੋ ਹੀ ਚੰਦ ਚੜਦਾ ਰਿਹਾ ਹੈ। ਬਿਲਕੁਲ ਠੀਕ ਇਦਾਂ ਹੀ ਹੋਇਆ ਹੈ। ਆਰੰਭ ਤੋਂ ਹੀ ਇਹੋ ਹੀ ਗੱਲ ਆਰੰਭ ਹੋਈ ਹੈ ਵਿਰੋਧ ਦਾ ਬੀ ਬੀਜਣ ਵਾਲੀ।

21 ਤਦ ਉਹਨੇ ਆਖਿਆ ਹੈ, "ਖੁਦਾ ਦਾ ਬੀ ਖੁਦਾ ਦਾ ਪਾਕ ਕਲਾਮ ਹੈ"। ਯਿਸੂ ਮਸੀਹ ਨੇ, ਇੱਕ ਜਗ੍ਹਾ ਇਸ ਤਰ੍ਹਾਂ ਆਖਿਆ, ਕਿ "ਪਾਕ ਕਲਾਮ ਇੱਕ ਬੀਜ ਹੈ"। ਹਰੇਕ ਬੀਜ ਆਪਣੀ ਹੀ ਕਿਸਮ ਦਾ ਫਲ ਲਿਆਵੇਗਾ। ਤੇ ਹੁਣ ਜੇ ਮਸੀਹੀ ਲੋਕ ਖੁਦਾ ਦੇ ਬੱਚੇ। ਰਾਜੇ ਦੇ ਪੁੱਤਰ ਹੁਣ ਖੁਦਾ ਦਾ ਬੀਜ ਬਣ ਗਏ ਹਨ। ਤਦ ਉਹਨਾਂ ਨੂੰ ਤਾਂ ਖੁਦਾ ਦਾ ਕਲਾਮ ਹੋਣਾ ਚਾਹੀਦਾ ਹੈ। ਖੁਦਾ ਦਾ ਕਲਾਮ ਜਿਹੜਾ ਕਿ ਉਸ ਯੁੱਗ ਵਿੱਚ ਪ੍ਰਗਟ ਹੋਇਆ ਹੈ ਜਿਹਦੇ ਵਿੱਚ ਕਿ ਉਹ ਰਹਿ ਰਹੇ ਹਨ ਉਸ ਯੁੱਗ ਦੇ ਵਾਦਾ ਕੀਤਾ ਹੋਇਆ ਬੀਜ ਦੇ ਲਈ ਯਾਦ ਵਿੱਚ ਖੁਦਾ ਨੇ ਆਪਣਾ ਕਲਾਮ ਬਖਸ਼ਿਆ। ਹਰੇਕ ਯੁੱਗ ਦੇ ਕੋਲ ਉਹਨਾਂ ਦਾ ਬੀਜ ਸੀ, ਇਹਦਾ ਸਮਾਂ, ਇਹਦਾ ਵਾਇਦਾ।

22 ਹੁਣ, ਜਦ ਨੂਹ ਦ੍ਰਿਸ਼ ਉੱਤੇ ਆਇਆ ਅਤੇ ਉਹ ਖੁਦਾ ਦਾ ਬੀਜ ਸੀ ਉਸ ਯੁੱਗ ਦੇ ਲਈ ਖੁਦਾ ਦਾ ਪਾਕ ਕਲਾਮ।

23 ਜਦ ਮੂਸਾ ਆਇਆ ਤਾਂ ਮੂਸਾ ਨੂਹ ਦੇ ਸੰਦੇਸ਼ ਦੇ ਨਾਲ ਨਹੀਂ ਸੀ ਆ ਸਕਦਾ। ਇਹ ਕਾਮਯਾਬ ਨਹੀਂ ਸੀ ਹੋਣਾ। ਕਿਉਨਕੱਕੀ ਉਹ ਉਸ ਸਮੇਂ ਖੁਦਾ ਦਾ ਬੀਜ ਸੀ।

24 ਤਦ ਜਦ ਮਸੀਹ ਆਇਆ, ਉਹ ਨੂਹ ਜਾਂ ਮੂਸਾ ਦੇ ਯੁੱਗ ਦੇ ਸੰਦੇਸ਼ ਤੇ ਵਚਨ ਦੇ ਨਾਲ ਨਹੀਂ ਆ ਸਕਿਆ। ਇਹ ਤਾਂ ਉਹਦਾ ਸਮਾਂ ਸੀ, ਇੱਕ ਕੁਨਵਾਰੀ ਗਰਭਵਤੀ ਹੋਣੀ ਸੀ, ਇੱਕ ਪੁੱਤਰ ਨੂੰ ਜਨਮ ਦੇਣਾ ਸੀ ਤੇ ਉਹਨੇ ਮਸੀਹ ਹੋਣਾ ਸੀ।

25 ਹੁਣ, ਅਸੀਂ ਲੂਥਰ ਦੇ ਯੁੱਗ ਨੂੰ ਟੱਪ ਆਏ ਹਾਂ, ਵੈਸਲੀ ਦੇ ਯੁੱਗ ਨੂੰ ਟੱਪ ਆਏ ਹਾਂ, (ਮੈਥੋਡਿਸਤ ਯੁੱਗ) ਸਭਨਾਂ ਯੁੱਗਾਂ ਦੇ ਥਾਣੀ ਅਤੇ ਪੈਂਤੀਕਾਸਤਲ ਯੁੱਗ। ਹਰੇਕ ਯੁੱਗ ਨੂੰ ਵਚਨ ਦਾ ਵਾਦਾ ਦਿੱਤਾ ਗਿਆ ਹੈ। ਤੇ ਉਸ ਯੁੱਗ ਦੇ ਲੋਕਾਂ ਨੂੰ ਜੋ ਕਿ ਉਸ ਯੁੱਗ ਬੀ ਦੇ ਅੰਦਰੋਂ ਉਸ ਯੁੱਗ ਦਾ ਵਾਦਾ ਕੀਤਾ ਹੋਇਆ ਵਚਨ ਪ੍ਰਗਟ ਹੁੰਦਾ ਹੈ। ਜੋ ਕੁਝ ਵੀ ਠੀਕ ਇੱਥੇ ਯਿਸੂ ਨੇ ਆਖਿਆ ਹੈ ਉਸਦੇ ਅਨੁਸਾਰ, "ਉਹ ਰਾਜ ਦੇ ਬੱਚੇ ਹਨ"। ਇਹ ਠੀਕ ਹੈ। ਪਵਿੱਤਰ ਆਤਮਾ ਦਾ ਪ੍ਰਗਟਾਵਾ ਜੋ ਕਿ ਉਹਦੇ ਬੱਚਿਆਂ ਦੇ ਰਾਹੀਂ ਹੋ ਰਿਹਾ ਹੈ। ਉਹ ਬੱਚੇ ਉਹ ਹਨ ਜੋ ਕਿ ਰਾਜ ਦਾ ਬੀਜ ਹੈ ਉਸ ਯੁੱਗ ਦੇ ਅੰਦਰ।

26 ਧਿਆਨ ਦਿਓ, ਜੰਗਲੀ ਬੂਟੀ ਉਹ ਸੀ, ਜੋ ਕਿ ਵੈਰੀ, ਸ਼ੈਤਾਨ ਸੀ, ਜਿਹਣੇ ਕਿ ਫੁੱਟ ਦਾ ਬੀਜ ਦਿੱਤਾ ਸੀ ਜਾਂ ਫਿਰ ਵਿਰੋਧ ਦਾ ਬੀਜ ਸੀ। ਉਹ ਵੈਰੀ ਇਸ ਭਿਆਨਕ ਚੀਜ ਨੂੰ ਕਰਨ ਦਾ ਦੋਸ਼ੀ ਸੀ। ਆਦਿ ਵਿੱਚ ਹੀ ਸ਼ੈਤਾਨ ਨੇ ਆਪਣਾ ਬੀ ਬੀਜ ਦਿੱਤਾ ਸੀ ਜਾਂ ਫਿਰ ਵਿਰੋਧ ਦਾ ਬੀਜ। ਉਹ ਵੈਰੀ ਇਸ ਭਿਆਨਕ ਚੀਜ ਨੂੰ ਕਰਨ ਦਾ ਦੋਸ਼ੀ ਸੀ। ਆਦਿ ਵਿੱਚ ਹੀ ਸ਼ੈਤਾਨ ਨੇ ਆਪਣਾ ਬੀ ਬੀਜ ਦਿੱਤਾ ਸੀ। ਜਦ ਖੁਦਾ ਨੇ ਮਨੁੱਖਾਂ ਦੀ ਪਹਿਲੀ ਫਸਲ ਨੂੰ ਇਸ ਧਰਤੀ ਦੇ ਉੱਤੇ ਧਰਿਆ ਸੀ। ਆਦਮ ਬੇਸ਼ੱਕ ਅਜੇ ਵੀ ਜਾਣਦਾ ਸੀ ਕਿ ਸੱਚਾਈ ਦਾ ਗਿਆਨ ਵੀ ਹੈ। ਠੀਕ ਅਤੇ ਗਲਤ, ਤੇ ਅੱਜ ਤਕ ਇਸ ਦੀ ਪਛਾਣ ਤਕ ਨਹੀਂ ਸੀ ਆਇਆ।

27 ਪਰ ਸਾਨੂੰ ਪਤਾ ਲੱਗਦਾ ਹੈ ਕਿ ਖੁਦਾ ਨੇ ਆਪਣੇ ਬੱਚਿਆਂ ਦੀ ਸੁਰੱਖਿਆ ਦੇ ਲਈ ਆਪਣਾ ਵਚਨ ਬਖਸ਼ਿਆ। ਸਾਡੇ ਕੋਲ ਖੁਦਾ ਦੇ ਪਾਕ ਤੋਂ ਸਿਵਾ ਹੋਰ ਕੋਈ ਸੁਰੱਖਿਆ ਨਹੀਂ ਹੈ। ਸਾਡੀ ਸੁਰੱਖਿਆ ਇਹੋ ਹੀ ਹੈ। ਕੋਈ ਬੰਬ ਨਹੀਂ, ਕੋਈ ਪਨਾਹ ਨਹੀਂ, ਕੋਈ ਲੁਕਣ ਦੀ ਥਾਂ ਨਹੀਂ। ਕੋਈ ਐਰੀਜੋਨਾ ਨਹੀਂ, ਤੇ ਨਾ ਹੀ ਕੋਈ ਕੈਲੀਫੋਰਨੀਆ ਹੀ ਹਨ ਜਾਣ ਜਿੱਥੇ ਕਿਤੇ ਵੀ ਇਹ ਹੋਵੇ। ਸਾਡੀ ਇੱਕੋ ਹੀ ਇੱਕ ਸੁਰੱਖਿਆ ਹੈ, ਤੇ ਉਹ ਸਿਰਫ਼ ਵਚਨ ਹੈ। ਤੇ ਵਚਨ ਦੇਹਧਾਰੀ ਹੋਇਆ ਤੇ ਸਾਡੇ ਦਰਮਿਆਨ ਡੇਰਾ ਕੀਤਾ, ਜੋ ਕਿ ਮਸੀਹ ਯਿਸੂ ਹੈ। ਉਹੋ ਹੀ ਕੇਵਲ ਸਾਡੀ ਸੁਰੱਖਿਆ ਹੈ। ਉਹਦੇ ਅੰਦਰ ਹੋਣ ਦੇ ਨਾਤੇ ਹੀ, ਅਸੀਂ ਸੁਰੱਖਿਅਤ ਹਾਂ।

28 ਐਥੋਂ ਤੋੜੀ ਕਿ ਇੱਕ ਸੱਚੇ ਨਿਹਚਾਵਾਨ ਦੇ ਲਈ ਤਾਂ ਪਾਪ ਵੀ ਗਿਣਿਆ ਨਹੀਂ ਜਾਂਦਾ ਹੈ। ਕੀ ਤੁਸੀਂ ਇਹ ਜਾਣਦੇ ਹੋ। ਉਹ ਖੁਦਾ ਤੋਂ ਜੰਮਿਆ ਹੈ ਪਾਪ ਨਹੀਂ ਕਰਦਾ ਹੈ, ਉਹ ਪਾਪ ਕਰ ਹੀ ਨਹੀਂ ਸਕਦਾ ਹੈ। ਲੱਗੀ ਸਮਝ, ਪਾਪ ਤਾਂ ਉਹਦੇ ਲੇਖੇ ਵਿੱਚ ਗਿਣਿਆ ਨਹੀਂ ਜਾਂਦਾ ਹੈ। ਕਿਉਂ ਨਹੀਂ, ਦਾਊਦ ਨੇ ਆਖਿਆ ਕਿ ਮੁਬਾਰਕ ਹੈ ਉਹ ਆਦਮੀ ਜਿਹਦੇ ਲੇਖੇ ਖੁਦਾ ਪਾਪ ਨਹੀਂ ਲਾਉਂਦਾ ਹੈ। ਜਦ ਤੁਸੀਂ ਮਸੀਹ ਦੇ ਵਿੱਚ ਹੈ, ਪਾਪ ਕਰਨ ਦੇ ਲਈ ਕੋਈ ਇੱਛਿਆ ਹੀ ਨਹੀਂ ਹੁੰਦੀ। ਉਹ ਉਪਾਸਕ ਜੋ ਇੱਕ ਵਾਰ ਸ਼ੁੱਧ ਹੋ ਗਿਆ ਹੈ, ਉਹਦੇ ਅੰਦਰ ਪਾਪ ਕਰਨ ਦਾ ਫਿਰ ਅੰਤਹਕਰਨ ਹੀ ਨਹੀਂ ਰਹਿੰਦਾ ਹੈ। ਤੁਹਾਨੂੰ ਇਹ ਇੱਛਿਆ ਪੈਦਾ ਹੀ ਨਹੀਂ ਹੁੰਦੀ ਹੈ। ਹੁਣ ਸੰਸਾਰ ਦੇ ਲਈ, ਤਾਂ ਤੁਸੀਂ ਇੱਕ ਪਾਪੀ ਹੋ ਸਕਦੇ ਹੋ, ਪਰ ਖੁਦਾ ਦੇ ਲਈ, ਤੁਸੀਂ ਨਹੀਂ ਹੋ, ਕਿਉਂਕਿ ਤੁਸੀਂ ਮਸੀਹ ਵਿੱਚ ਹੋ। ਜਦ ਤੁਸੀਂ ਪਾਪ ਤੋਂ ਰਹਿਤ ਹੋ ਤਾਂ ਤਾਂ ਤੁਸੀਂ ਇੱਕ ਪਾਪੀ ਕਿੰਝ ਹੋ ਸਕਦੇ ਹੋ। ਖੁਦਾ ਸਿਰਫ਼ ਉਹਨੂੰ ਵੇਖਦਾ ਹੈ ਜਿਹਦੇ ਅੰਦਰ ਤੁਸੀਂ ਹੋ?

29 ਹੁਣ ਇਹ ਵਾਡੀ ਦਾ ਵੇਲਾ। ਆਦਿ ਵਿੱਚ ਜਦ ਖੁਦ ਨੇ ਆਪਣਾ ਬੀਜ ਇਸ ਧਰਤੀ ਤੇ ਬੀਜਿਆ ਅਤੇ ਆਪਣੇ ਬੱਚਿਆਂ ਦੇ ਦਿਲਾਂ ਦੇ ਅੰਦਰ ਇਹ ਬੀਜ ਬੀਜਿਆ। ਉਹਦਾ ਪਰਿਵਾਰ। ਉਸ ਵਚਨ ਦੀ ਪਾਲਣਾ ਕਰਨਾ, ਕਿਉਂਕਿ ਇਹ ਵਚਨ ਹੀ ਸਿਰਫ਼ ਉਹਨਾਂ ਦੀ ਸੁਰੱਖਿਆ ਸੀ। ਉਸ ਵਚਨ ਦੀ ਪਾਲਣਾ ਕਰੋ! ਇੱਥੇ ਵੈਰੀ ਨੇ ਆਣ ਕੇ ਤੇ ਉਸ ਉਟ ਨੂੰ ਭੰਨ ਦਿੱਤਾ, ਵਿਰੋਧ ਦਾ ਬੀ ਬੀਜ ਕੇ। ਜੋ ਕਿ ਖੁਦਾ ਦੇ ਬੀਜ ਦੇ ਉਲਟ ਸੀ ਜੇ ਇਹ ਆਦਿ ਵਿੱਚ ਵਿਰੋਧ ਦਾ ਬੀਜ ਸੀ। ਇਹ ਅੱਜ ਵੀ ਹੈ। ਕੋਈ ਚੀਜ ਜੋ ਕਿ ਖੁਦਾ ਦੇ ਪਾਕ ਕਲਾਮ ਵਿੱਚ ਕੁਝ ਵੀ ਜੋੜੇਗੀ, ਉਹ ਤਾਂ ਅਜੇ ਵੀ ਵਿਰੋਧ ਦਾ ਬੀਜ ਹੈ! ਮੈਂ ਇਹਦੀ ਪਰਵਾਹ ਨਹੀਂ ਕਰਦਾ ਹਾਂ ਕਿ ਇਹ ਕਿਥੋਂ ਆਉਂਦਾ ਹੈ, ਜੇ ਇਹ ਕਿਸੇ ਜਥੇਬੰਦੀ ਵੱਲੋਂ ਆਉਂਦਾ ਹੈ, ਜੇ ਇਹ ਫੌਜੀ ਸੂਤਰਾਂ ਦੀ ਵੱਲੋਂ ਆਉਂਦਾ ਹੈ। ਜੇ ਇਹ ਰਾਜਨੀਤਿਕ ਸ਼ਕਤੀਆਂ ਹਨ, ਕੋਈ ਵੀ ਚੀਜ ਹੈ ਜੋ ਕਿ ਖੁਦਾ ਦੇ ਪਾਕ ਕਲਾਮ ਦੇ ਵਿਰੁੱਧ ਹੈ, ਉਹ ਵਿਰੋਧ ਦਾ ਬੀਜ ਹੈ।

30 ਉਹ ਆਦਮੀ ਖੜ੍ਹਾ ਹੋ ਕੇ ਆਖਦਾ ਹੈ ਕਿ ਉਹ ਅੰਜੀਲ ਦਾ ਪ੍ਰਚਾਰਕ ਹੈ ਅਤੇ ਉਹ ਆਖਦਾ ਹੈ ਕਿ ਚਿੰਨ੍ਹ ਚਮਤਕਾਰਾਂ ਦੇ ਦਿਨ ਬੀਤ ਗਏ ਹਨ, ਉਹ ਵਿਰੋਧ ਦਾ ਬੀਜ ਹੈ। ਜਦ ਕੋਈ ਆਦਮੀ ਖੜ੍ਹਾ ਹੋ ਕੇ ਆਖਦਾ ਹੈ ਕਿ ਉਹ ਸੇਵਾਦਾਰ ਹੈ, ਜਾਂ ਕਿਤੇ ਕਿਸੇ ਮੰਡਲੀ ਦਾ ਪਾਸਟਰ ਹੈ। ਅਤੇ ਜੇ ਉਹ ਇਹ ਨਹੀਂ ਮੰਨਦਾ ਹੈ ਕਿ ਯਿਸੂ ਮਸੀਹ ਅੱਜ ਕਲ ਅਤੇ ਯੁਗੋਂ ਯੁੱਗ ਹਰੇਕ ਵੇਰਵੇ ਦੇ ਅਨੁਸਾਰ ਇੱਕੋ ਜਿਹਾ ਹੈ, (ਸਿਵਾਏ ਸ਼ਰੀਰਕ ਦੇਹ ਦੇ), ਤਾਂ ਉਹ ਵਿਰੋਧ ਦਾ ਬੀਜ ਹੈ। ਜਦ ਉਹ ਇਹ ਆਖਦਾ ਹੈ, “ਅਚੰਭਿਆਂ ਤੇ ਰਸੂਲਾਂ ਦਾ ਯੁੱਗ ਖਤਮ ਹੋ ਚੁੱਕਾ ਹੈ”, ਤਾਂ ਉਹ ਵਿਰੋਧ ਦਾ ਬੀਜ ਹੈ। ਜਦ ਉਹ ਇਹ ਆਖਦੇ ਹਨ

ਕਿ ਰੱਬੀ ਚੰਗਾਈ ਵਰਗੀ ਕੋਈ ਚੀਜ ਨਹੀਂ ਹੈ ਤਾਂ ਉਹ ਵਿਰੋਧ ਦਾ ਬੀਜ ਹੈ। ਅਤੇ ਸੰਸਾਰ ਇਹਦੇ ਨਾਲ ਭਰਿਆ ਪਿਆ ਹੈ ਤੇ ਕਣਕ ਨੂੰ ਉਤਾਂਹ ਉੱਡਣ ਤੋਂ ਡੱਕਦਾ ਹੈ ਅਤੇ ਕੀੜਾਂ ਲਾਉਂਦਾ ਹੈ।

31 ਅਸੀਂ ਧਿਆਨ ਦਿੰਦੇ ਹਾਂ ਕਿ ਵਿਰੋਧ ਦਾ ਬੀ ਬੀਜਣ ਵਾਲਾ ਪਹਿਲਾ ਮਨੁੱਖ ਨੇ "ਸ਼ੈਤਾਨ" ਦਾ ਮਾਰਕਾ ਲਾਇਆ। ਅਸੀਂ ਜਾਣਦੇ ਹਾਂ ਕਿ ਇਹ ਉਤਪਤ ਉਹਦੇ 1 ਅਧਿਆਏ ਵਿੱਚ ਹੈ। ਉੱਥੇ ਅਸੀਂ ਲੱਭਦੇ ਹਾਂ ਤੇ ਇੱਥੇ ਮੱਤੀ ਦੇ 13 ਅਧਿਆਏ ਵਿੱਚ ਵੀ ਪਾਉਂਦੇ ਹਾਂ। ਯਿਸੂ ਮਸੀਹ ਆਪਣੇ ਵਚਨ ਦੇ ਉਲਟ ਕਿਸੇ ਵੀ ਵਿਰੋਧਤਾ ਨੂੰ ਅੱਜ ਸ਼ੈਤਾਨ ਦਾ ਹੀ ਮਾਰਕਾ ਲਾਉਂਦਾ ਹੈ। ਅਤੇ ਇਹ 1956 ਕੋਈ ਵੀ ਚੀਜ ਜੋ ਕਿ ਵਿਰੋਧ ਦਾ ਬੀਜ ਦੀ ਹੋਵੇ। ਖੁਦਾ ਦੇ ਲਿਖੇ ਹੋਏ ਕਲਾਮ ਦੇ ਵਿਰੁੱਧ ਹੋਵੇ, ਤੇ ਇਹਦੀ ਵਿਆਖਿਆ ਆਪਣੇ ਹੀ ਜਤਨ ਦੇ ਨਾਲ ਕਰਦੇ ਹੋਣ, ਉਹ ਵਿਰੋਧ ਦਾ ਬੀਜ ਹੈ। ਖੁਦਾ ਇਹਦਾ ਸਨਮਾਨ ਨਹੀਂ ਕਰੇਗਾ। ਇਹ ਤਾਂ ਸਰੋਂ ਦੇ ਦਾਣੇ ਵਾਂਗ ਹੈ, ਇਹ ਕਿਸੇ ਵੀ ਹੋਰ ਚੀਜ ਨਾਲ ਨਹੀਂ ਰਲੇਗਾ, ਤੁਸੀਂ ਇਹਨੂੰ ਦੋਗਲਾ ਨਹੀਂ ਬਣਾ ਸਕਦੇ ਹੋ। ਇਹਨੇ ਤਾਂ ਅਸਲੀ ਚੀਜ ਹੀ ਰਹਿਣਾ ਹੈ। ਵਿਰੋਧ ਦਾ ਬੀਜ!

32 ਹੁਣ ਅਸੀਂ ਪਤਾ ਲਾਉਂਦੇ ਹਾਂ, ਜਦ ਖੁਦਾ ਨੇ ਆਪਣਾ ਬੀਜ ਅਦਨ ਬਾਗ ਵਿੱਚ ਬੀਜਿਆ। ਅਸੀਂ ਪਤਾ ਲਾਉਂਦੇ ਹਾਂ ਕਿ ਇਹਨੇ ਹਾਬਲ ਨੂੰ ਜਨਮ ਦਿੱਤਾ। ਪਰ ਜਦ ਸ਼ੈਤਾਨ ਨੇ ਆਪਣੀ ਵਿਰੋਧ ਦਾ ਬੀਜ ਬੀਜਿਆ ਤਾਂ ਇਹਨੇ ਇੱਕ ਕਾਇਨ ਨੂੰ ਜਨਮ ਦਿੱਤਾ। ਇੱਕ ਬੀਜ ਨੇ ਧਰਮੀ ਨੂੰ ਜਨਮ ਦਿੱਤਾ; ਤੇ ਦੂਜੇ ਬੀਜ ਨੇ ਇੱਕ ਬੁਰਿਆਰ ਨੂੰ ਜਨਮ ਦਿੱਤਾ। ਕਿਉਂਕਿ ਹਵਾਹ ਨੇ ਵਿਰੋਧ ਦੇ ਬੀਜ ਦੀ ਗੱਲ ਸੁਣੀ। ਖੁਦਾ ਦੇ ਕਲਾਮ ਦੇ ਉਲਟ ਤੇ ਇਹਨੇ ਪਾਪ ਦੀ ਗੇਂਦ ਨੂੰ ਠੀਕ ਉਥੇ ਲ਼ੁਡਕਦੀ ਹੀ ਰਹੀ ਹੈ। ਅਤੇ ਅਸੀਂ ਇਹਨੂੰ ਸਾਰੇ ਨੂੰ ਬਾਹਰ ਨਹੀਂ ਕੱਢ ਸਕਾਂਗੇ ਜਦ ਤਕ ਕਿ ਦੂਤ ਹੀ ਆਣ ਕੇ ਇਹਨੂੰ ਵੱਖਰਿਆਂ ਨਾ ਕਰਨ। ਅਤੇ ਖੁਦਾ ਆਪਣੇ ਬੱਚਿਆਂ ਨੂੰ ਰਾਜ ਦੇ ਅੰਦਰ ਲੈ ਜਾਵੇਗਾ, ਅਤੇ ਜੰਗਲੀ ਬੂਟੀ ਫੂਕ ਦਿੱਤੀ ਜਾਵੇਗੀ। ਇਹਨਾਂ ਦੋ ਬੇਲਾਂ ਦੇ ਉੱਤੇ ਧਿਆਨ ਦਿਉ।

33 ਜੇ ਸਾਡੇ ਕੋਲ ਹੋਰ ਵਧੇਰੇ ਸਮਾਂ ਇਸ ਮਜਮੂਨ ਦੇ ਲਈ ਹੁੰਦਾ, ਬਸ ਸਿਰਫ਼ ਮੁੱਖ ਮੁੱਖ ਵੰਨਗੀਆਂ ਹੀ ਪੇਸ਼ ਕਰ ਰਹੇ ਹਾਂ, ਜੇ ਅਸੀਂ ਕੁਝ ਅਗਲੇ ਪਲਾਂ ਵਿੱਚ ਬਿਮਾਰਾਂ ਲਈ ਪ੍ਰਾਰਥਨਾ ਕਰ ਸਕੀਏ।

34 ਧਿਆਨ ਦਿਓ, ਉਹਨਾਂ ਦੇ ਬੀਜ ਠੀਕ ਇੱਕੋ ਜਿਹੇ ਹੀ ਉੱਗੇ ਜਿਵੇਂ ਕਿ ਖੁਦਾ ਨੇ ਇੱਥੇ ਮੱਤੀ ਦੇ 13 ਅਧਿਆਏ ਵਿੱਚ ਆਖਿਆ ਹੈ। ਜੋ ਕਿ ਮੱਤੀ ਦੀ ਅੰਜੀਲ ਵਿੱਚੋਂ ਸਾਡਾ ਅੱਜ ਰਾਤ ਮਜਮੂਨ ਹੈ, "ਉਹਨਾਂ ਨੂੰ ਇਕੱਠੇ ਹੀ ਵਧਣ ਦਿਓ"। ਕਾਇਨ ਨੌਦ ਦੀ ਧਰਤੀ ਨੂੰ ਚਲਿਆ ਗਿਆ। ਆਪਣੇ ਲਈ

ਇੱਕ ਪਤਨੀ ਨੂੰ ਲੱਭ ਕੇ ਉਹਨੂੰ ਵਿਆਹ ਲਿਆ। ਤੇ ਹਾਬਲ ਦਾ ਕਤਲ ਕੀਤਾ ਗਿਆ। ਤੇ ਖੁਦਾ ਨੇ ਸੇਥ ਨੂੰ ਉਠਾ ਖੜ੍ਹਾ ਕੀਤਾ ਉਹਦੀ ਥਾਂ ਲੈਣ ਵਾਸਤੇ। ਤੇ ਪੀੜ੍ਹੀ ਚਲਣੀਆਂ ਸ਼ੁਰੂ ਹੋ ਗਈਆਂ, ਗਲਤ ਤੇ ਠੀਕ ਦੇ ਵਿਚਕਾਏ। ਹੁਣ ਅਸੀਂ ਧਿਆਨ ਦਿੰਦੇ ਹਾਂ ਕਿ ਉਹਨਾਂ ਨੇ ਉਹਨਾਂ ਨੂੰ ਹਰ ਸਮੇਂ ਹੀ ਇਕੱਠੇ ਕੀਤਾ ਹੈ। ਖੁਦਾ ਨੂੰ...ਇਹ ਇੰਨਾਂ ਬੁਰਾ ਹੋ ਗਿਆ ਕਿ ਖੁਦਾ ਨੂੰ ਇਹਨੂੰ ਨਾਸ਼ ਕਰਨਾ ਪਿਆ।

35 ਪਰ ਉਹ ਅੰਤ ਵਿੱਚ ਆ ਗਏ, ਜਦ ਤਕ ਕਿ ਉਹ ਦੋਵੇਂ ਬੀਜ। ਵਿਰੋਧ ਦਾ ਬੀਜ ਤੇ ਖੁਦਾ ਦਾ ਬੀਜ। ਉਹਨਾਂ ਨੇ ਆਪਣੇ ਅਸਲੀ ਕੱਢੇ। ਤੇ ਇਹ ਗੱਲ ਯਹੂਦਾ ਇਕਸਰਯੋਤੀ ਤੇ ਯਿਸੂ ਮਸੀਹ ਵਿੱਚ ਪੂਰੀ ਹੁੰਦੀ ਹੈ। ਕਿਉਂਕਿ ਯਿਸੂ ਮਸੀਹ ਖੁਦਾ ਦਾ ਬੀਜ ਸੀ। ਉਹ ਖੁਦਾ ਦੀ ਸ੍ਰਿਸ਼ਟੀ ਦਾ ਜੇਠਾ ਸੀ। ਉਹ ਖੁਦਾ ਦੇ ਨਾਲੋਂ ਜਰਾ ਵੀ ਘੱਟ ਨਹੀਂ ਸੀ। ਤੇ ਯਹੂਦਾ ਇਸਕਰਯੋਤੀ ਨਾਸ਼ ਦਾ ਪੁੱਤਰ ਹੋ ਕੇ ਹੀ ਜੰਮਿਆ ਸੀ। ਤੇ ਉਹ ਨਰਕ ਵਿੱਚੋਂ ਹੀ ਆਇਆ ਸੀ ਤੇ ਨਰਕ ਨੂੰ ਹੀ ਚਲਿਆ ਗਿਆ ਸੀ। ਯਿਸੂ ਮਸੀਹ ਖੁਦਾ ਦਾ ਪੁੱਤਰ ਸੀ ਖੁਦਾ ਦਾ ਪਾਕ ਕਲਾਮ ਜੋ ਕਿ ਪ੍ਰਗਟ ਹੋਇਆ ਸੀ। ਯਹੂਦਾ ਇਸਕਰਯੋਤੀ ਆਪਣੀ ਵਿਰੋਧਤਾ ਵਿੱਚ ਸ਼ੈਤਾਨ ਦਾ ਬੀਜ ਸੀ। ਜਗਤ ਵਿੱਚ ਸਿਰਫ਼ ਧੋਖਾ ਦੇਣ ਹੀ ਆਇਆ ਸੀ। ਉਦਾਂ ਹੀ ਜਿਦਾਂ ਕਿ ਉਹ ਆਦਿ ਵਿੱਚ ਸੀ, ਕਾਇਨ, ਉਹਦਾ ਪਹਿਲਾ ਪਿਓ।

36 ਯਹੂਦਾ ਨੇ ਤਾਂ ਕਲੀਸੀਆ ਹੋਣ ਦਾ ਨਾਟਕ ਕੀਤਾ ਸੀ। ਉਹ ਅਸਲ ਵਿੱਚ ਵਫ਼ਾਦਾਰ ਨਹੀਂ ਸੀ, ਨਾ ਹੀ ਉਹਦੇ ਕੋਲ ਅਸਲੀ ਵਿਸ਼ਵਾਸ ਸੀ। ਉਹ ਕਦੇ ਵੀ ਯਿਸੂ ਨੂੰ ਨਾ ਫੜਵਾਉਂਦਾ। ਪਰ ਤੁਸੀਂ ਵੇਖਦੇ ਹੋ ਕਿ ਉਹਨੇ ਉਹ ਵਿਰੋਧ ਦਾ ਬੀਜ ਬੀਜ ਦਿੱਤਾ। ਉਹਨੇ ਸੋਚਿਆ ਕਿ ਉਹ ਸੰਸਾਰ ਅਤੇ ਮਾਇਆ ਨੂੰ ਮਿੱਤਰ ਬਣਾ ਸਕਦਾ ਹੈ। ਤੇ ਨਾਲ ਹੀ ਯਿਸੂ ਦੇ ਨਾਲ ਵੀ ਦੋਸਤੀ ਰੱਖ ਸਕਦਾ ਹੈ। ਪਰ ਇਹਦੇ ਬਾਰੇ ਵਿੱਚ ਕੁਝ ਕਰਨ ਦੇ ਲਈ ਉਹਨੂੰ ਬਹੁਤ ਦੇਰ ਹੋ ਗਈ ਸੀ। ਤੇ ਜਦ ਉਹ ਅਸਲੀ ਘੜੀ ਆਣ ਪਹੁੰਚੀ ਸੀ, ਜਦ ਇਹਨੇ ਇਹ ਬੁਰੀ ਕਰਤੂਤ ਘੋਲੀ, ਤੇ ਉਹ ਅਗਾਂਹ ਵਧਣ ਤੇ ਪਿਛਾਂਹ ਦੀ ਲੀਕ ਨੂੰ ਟੱਪ ਗਿਆ ਸੀ। ਉਹਨੂੰ ਤਾਂ ਉਸੇ ਹੀ ਮਾਰਗ ਵਿੱਚ ਅੱਗੇ ਵੱਧਦੇ ਜਾਣਾ ਸੀ ਜਿਹਦੇ ਵਿੱਚ ਉਹ ਇੱਕ ਧੋਖੇਬਾਜ ਵਾਂਗ ਚਲਿਆ ਸੀ। ਉਹਨੇ ਵਿਰੋਧ ਦਾ ਬੀਜ ਬੀਜਿਆ ਸੀ। ਉਹਨੇ ਉਸ ਸਮੇਂ ਦੀਆਂ ਮਹਾਨ ਜਥੇਬੰਦੀਆਂ ਦੀਆਂ ਨਜਰਾਂ ਵਿੱਚ ਕਿਰਪਾ ਪਾਉਂਣੀ ਚਾਹੀ। ਫਰਿਸੀਆਂ ਤੇ ਸਦੂਕੀਆਂ ਦੀਆਂ ਨਜਰਾਂ ਵਿੱਚ। ਤੇ ਉਹਨੇ ਸੋਚਿਆ ਕਿ ਉਹ ਆਪਣੇ ਲਈ ਥੋੜ੍ਹੇ ਜਿਹੇ ਪੈਸੇ ਕਮਾ ਲਏਗਾ ਤੇ ਲੋਕਾਂ ਦੇ ਵਿਚਕਾਰ ਮਸ਼ਹੂਰ ਹੋ ਜਾਏਗਾ। ਜੇ ਇਹ ਚੀਜ ਕਈਆਂ ਨੂੰ ਉਸ ਵਿਰੋਧਤਾ ਵਿੱਚ ਨਾ ਜਾਣ ਦੇਵੇ। ਅਤੇ ਮਨੁੱਖਾਂ ਦੀ ਨਜਰ ਵਿੱਚ ਕਿਰਪਾ ਪਾਉਣ ਦਾ ਯਤਨ ਕਰ

ਰਹੇ ਹਨ। ਆਓ ਖੁਦਾ ਦੀਆਂ ਨਜਰਾਂ ਵਿੱਚ ਕਿਰਪਾ ਪਾਈਏ। ਮਨੁੱਖ ਦੇ ਨਾਲ ਨਹੀਂ। ਪਰ ਇਹੋ ਕੁਝ ਹੀ ਤਾਂ ਯਹੂਦਾ ਨੇ ਕੀਤਾ ਸੀ ਜੋ ਇਹ ਸਾਰੀ ਵਿਰੋਧਤਾ ਉਸਦੇ ਅੰਦਰ ਸਮਾਈ।

37 ਅਤੇ ਅਸੀਂ ਜਾਣਦੇ ਹਾਂ ਕਿ ਯਿਸੂ ਵਚਨ ਸੀ। ਸੰਤ ਯੁਹੰਨਾ 1 ਅਧਿਆਏ ਨੇ ਆਖਿਆ ਹੈ ਕਿ, “ਆਦਿ ਵਿੱਚ ਸ਼ਬਦ ਸੀ, ਸ਼ਬਦ ਪਰਮੇਸ਼ਵਰ ਦੇ ਸੰਗ ਸੀ, ਤੇ ਸ਼ਬਦ ਹੀ ਪਰਮੇਸ਼ਵਰ ਸੀ। ਅਤੇ ਸ਼ਬਦ ਹੀ ਦੇਹਧਾਰੀ ਹੋਇਆ ਤੇ ਇੱਥੇ ਸਾਡੇ ਦਰਮਿਆਨ ਡੇਰਾ ਕੀਤਾ”। ਤਦ ਸ਼ਬਦ ਤਾਂ ਬੀਜ ਹੈ, ਤੇ ਤਦ ਬੀਜ ਦੇਹਧਾਰੀ ਹੋ ਗਿਆ, ਤੇ ਸਾਡੇ ਦਰਮਿਆਨ ਡੇਰਾ ਕੀਤਾ।

38 ਜੇ ਯਹੂਦਾ ਵੈਰੀ ਦਾ ਤੇ ਵਿਰੋਧ ਦਾ ਬੀਜ ਸੀ। ਤਾਂ ਇਹ ਵੀ ਦੇਹਧਾਰੀ ਹੋਇਆ ਤੇ ਸਾਡੇ ਦਰਮਿਆਨ ਯਹੂਦਾ ਇਸਕਰਯੋਤੀ ਦੇ ਰੂਪ ਵਿੱਚ ਡੇਰਾ ਕੀਤਾ। ਉਹਦੇ ਕੋਲ ਕਦੇ ਵੀ ਅਸਲੀ ਨਿਹਚਾ ਨਹੀਂ ਸੀ। ਉਹਦੇ ਕੋਲ ਉਹੋ ਹੀ ਸੀ ਜੋ ਉਹ *ਸੋਚਦਾ* ਸੀ ਕਿ ਵਿਸ਼ਵਾਸ ਹੈ। ਇੱਕ ਅਜਿਹੀ ਚੀਜ ਵੀ ਹੈ ਜਿਹਨੂੰ ਕਿ ਵਿਸ਼ਵਾਸ ਰੱਖਣਾ ਆਖਦੇ ਹਨ; ਤੇ ਇੱਕ ਬਨਾਉਟੀ ਨਿਹਚਾ ਹੈ।

39 ਅਤੇ ਖੁਦਾ ਦਾ ਸੱਚਾ ਵਿਸ਼ਵਾਸ ਖੁਦਾ ਦੇ ਵਿੱਚ ਨਿਹਚਾ ਕਰੇਗਾ। ਅਤੇ ਖੁਦਾ ਵਚਨ ਹੈ, ਤੇ ਉਹ ਇਹਦੇ ਵਿੱਚ ਕਦੇ ਕੁਝ ਜਮਾਂ ਨਹੀਂ ਕਰੇਗਾ। ਬਾਈਬਲ ਸਾਨੂੰ ਦੱਸਦੀ ਹੈ ਕਿ ਜੇ ਅਸੀਂ ਇੱਕ ਵੀ ਸ਼ਬਦ ਜੋੜੀਏ, ਜਾਂ ਫਿਰ ਇੱਕ ਵੀ ਸ਼ਬਦ ਘਟਾਈਏ ਤਾਂ ਸਾਡਾ ਹਿੱਸਾ ਜਿਉਂਣ ਦੀ ਪੋਥੀ ਵਿੱਚੋਂ ਕੱਢ ਦਿੱਤਾ ਜਾਵੇਗਾ। ਪ੍ਰਕਾਸ਼ ਦੀ ਪੋਥੀ 22: 18, ਜੋ ਆਖਰੀ ਸਮਾਪਤੀ ਦਾ ਪਾਠ ਹੈ।

40 ਆਦਿ ਵਿੱਚ ਬਾਈਬਲ ਦੀ ਪਹਿਲੀ ਕਿਤਾਬ, ਖੁਦ ਨੇ ਉਹਨਾਂ ਨੂੰ ਦੱਸਿਆ ਕਿ ਇਹਦਾ ਇੱਕ ਵੀ ਸ਼ਬਦ ਨਹੀਂ ਤੋੜਨਾ ਹੈ, “ਹਰੇਕ ਸ਼ਬਦ ਦੀ ਪਾਲਣਾ ਕੀਤੀ ਜਾਵੇ”, ਉਹ ਉਸ ਵਚਨ ਦੇ ਨਾਲ ਜੀਉਣ। ਯਿਸੂ ਨੇ ਪੁਸਤਕ ਦੇ ਵਿਚਕਾਰ ਆਣ ਕੇ ਆਖਿਆ ਕਿ ਉਹਦੇ ਯੁੱਗ ਵਿੱਚ ਅਤੇ ਆਖਿਆ ਕਿ “ਮਨੁੱਖ ਕੇਵਲ ਰੋਟੀ ਨਾਲ ਹੀ ਨਹੀਂ ਜਿਉਂਦਾ ਰਹੇਗਾ ਪਰ ਹਰੇਕ ਵਚਨ ਦੇ ਨਾਲ ਜੋ ਕਿ ਖੁਦਾ ਦੇ ਮੂੰਹੋਂ ਨਿਕਲਦਾ ਹੈ”। ਅਤੇ ਪ੍ਰਕਾਸ਼ ਦੇ ਸਮਾਪਤੀ ਕਰਨ ਵਾਲੇ ਯੁੱਗ ਵਿੱਚ ਸਾਨੂੰ ਪਹਿਲਾਂ ਹੀ ਦੱਸ ਦਿੱਤਾ ਗਿਆ ਹੈ ਕਿ “ਜਿਹੜਾ ਵੀ ਪੋਥੀ ਦਾ ਇੱਕ ਵੀ ਸ਼ਬਦ ਘਟਾਵੇ ਜਾਂ ਵਧਾਵੇ ਉਹਦਾ ਹਿੱਸਾ ਜਿਉਣ ਦੀ ਪੋਥੀ ਵਿੱਚੋਂ ਕੱਢ ਦਿੱਤਾ ਜਾਵੇਗਾ”।

41 ਇਸ ਲਈ ਕੁਝ ਵੀ ਪਰਛਾਵਾਂ ਨਹੀਂ ਹੋ ਸਕਦਾ ਹੈ ਸਿਰਫ਼ ਇੱਕ ਅਸਲੀ ਖੁਦਾ ਦਾ ਖਾਲਸ ਪਾਕ ਕਲਾਮ! ਉਹ ਹੈ ਖੁਦਾ ਦੇ ਪੁੱਤਰ, ਖੁਦਾ ਦੀਆਂ ਪੁੱਤਰੀਆਂ ਜੋ ਕਿ ਮਨੁੱਖ ਦੀ ਇੱਛਿਆਂ ਦੇ ਨਾਲ ਪੈਦਾ ਨਹੀਂ ਹੋਈਆਂ ਹਨ, ਜਾਂ ਫਿਰ ਹੱਥ ਮਿਲਾਉਣ ਦੇ ਨਾਲ ਜਾਂ ਫਿਰ ਕਿਸੇ ਢੰਗ ਦੇ ਬਪਤੀਸਮੇ ਨਾਲ।

ਪਰ ਉਹ ਆਤਮਾ ਦੇ ਨਾਲ ਜੰਮੇ ਹਨ। ਪਵਿੱਤਰ ਆਤਮਾ ਦੇ ਦੁਆਰਾ। ਤੇ ਵਚਨ ਆਪਣੇ ਆਪ ਨੂੰ ਉਹਨਾਂ ਦੇ ਅੰਦਰੋਂ ਪ੍ਰਗਟ ਕਰ ਰਿਹਾ ਹੈ। ਇਹ ਖ਼ੁਦਾ ਦਾ ਅਸਲੀ ਬੀਜ ਸੀ।

42 ਵੈਰੀ ਕਲੀਸੀਆ ਵਿੱਚ ਸ਼ਾਮਲ ਹੋ ਜਾਂਦਾ ਹੈ ਤੇ ਬਹੁਤ ਹੀ ਕੱਟੜਵਾਦੀ ਅਕਿਦੇ ਦੇ ਵਿੱਚ ਬਣ ਜਾਂਦਾ ਹੈ ਜਾਂ ਫਿਰ ਕਿਸੇ ਚੀਜ ਵਿੱਚ। ਪਰ ਇਹ ਨਹੀਂ ਹੈ...ਇਹ ਤਾਂ ਵਿਰੋਧਤਾ ਹੈ। ਕੋਈ ਵੀ ਚੀਜ ਜਿਹੜੀ ਖ਼ੁਦਾ ਦੇ ਪਾਕ ਕਲਾਮ ਦੀ ਸੱਚਾਈ ਦੀ ਛਾਣਨੀ ਵਿੱਚ ਦਖਲ ਦਿੰਦੀ ਹੈ।

43 ਅਤੇ ਅਸੀਂ ਕਿਵੇਂ ਜਾਣਦੇ ਹਾਂ। ਅਸੀਂ ਆਖਦੇ ਹਾਂ, "ਠੀਕ ਹੈ, ਭਾਈ, ਉਹਨਾਂ ਨੂੰ, ਤੁਹਾਨੂੰ ਤਾਂ ਇਹਦੀ ਵਿਆਖਿਆ ਕਰਨ ਦਾ ਪੂਰਾ ਹੱਕ ਹੈ?" ਨਹੀਂ, ਸ਼੍ਰੀ ਮਾਨ ਜੀ! ਕਿਸੇ ਵੀ ਆਦਮੀ ਦੇ ਕੋਲ ਖ਼ੁਦਾ ਦੇ ਪਾਕ ਕਲਾਮ ਦੀ ਵਿਆਖਿਆ ਕਰਨ ਦਾ ਹੱਕ ਨਹੀਂ ਹੈ। ਉਹ ਆਪਣੇ ਪਾਕ ਕਲਾਮ ਦਾ ਖੁਦ ਆਪ ਅਨੁਵਾਦ ਹੈ। ਉਹ ਇਹਦਾ ਵਾਇਦਾ ਕਰਦਾ ਹੈ ਤੇ ਫਿਰ ਆਪ ਹੀ ਇਹਨੂੰ ਪੂਰਿਆਂ ਕਰਦਾ ਹੈ, ਤੇ ਇਹਨੂੰ ਪੂਰਾ ਕਰਨਾ ਹੀ ਇਹਦਾ ਅਨੁਵਾਦ ਹੈ। ਜਦ ਉਹ ਇਹਦਾ ਵਾਇਦਾ ਕਰਦਾ ਹੈ ਤਾਂ ਉਹ ਇਹਨੂੰ ਪੂਰਿਆਂ ਵੀ ਕਰਦਾ ਹੈ। ਅਤੇ ਇਹੋ ਹੀ ਇਹਦਾ ਤਰਜਮਾ ਹੈ ਖ਼ੁਦਾ ਦੇ ਪਾਕ ਕਲਾਮ ਦੇ ਵਿਰੁੱਧ ਕੋਈ ਵੀ ਚੀਜ ਜੋ ਉਲਟ ਹੋਵੇ ਉਹ ਵਿਰੋਧ ਦਾ ਬੀਜ ਹੈ! ਬਿਲਕੁਲ ਠੀਕ ਹੈ!

44 ਹੁਣ, ਜਿਵੇਂ ਕਿ ਮੈਂ ਆਖਿਆ ਹੈ, ਕਿ ਯਹੂਦਾ ਦੇ ਕੋਲ ਅਸਲੀ ਨਿਹਚਾ ਨਹੀਂ ਸੀ। ਉਹਦੇ ਕੋਲ ਬਨਾਉਟੀ ਨਿਹਚਾ ਸੀ। ਉਹਦੇ ਕੋਲ ਇੱਕ ਵਿਸ਼ਵਾਸ ਸੀ ਜੋ ਕਿ ਉਹ ਸੋਚਦਾ ਸੀ ਕਿ ਇਹ ਖ਼ੁਦਾ ਦਾ ਪੁੱਤਰ ਹੈ, ਪਰ ਉਹ ਨਹੀਂ ਜਾਣਦਾ ਸੀ ਕਿ ਉਹ ਖ਼ੁਦਾ ਦਾ ਪੁੱਤਰ ਸੀ, ਉਹਨੇ ਇਹ ਨਹੀਂ ਸੀ ਕਰਨਾ ਅਤੇ ਕੋਈ ਵੀ ਆਦਮੀ ਜੋ ਖ਼ੁਦਾ ਦੇ ਵਚਨ ਦੇ ਨਾਲ ਸੱਚਾਈ ਹੋਣ ਤੇ ਵੀ ਸਮਝੋਤਾ ਕਰੇਗਾ, ਉਹਦੇ ਕੋਲ ਬਨਾਉਟੀ ਵਿਸ਼ਵਾਸ ਹੈ। ਖ਼ੁਦਾ ਦਾ ਸੱਚਾ ਸੇਵਕ ਤਾਂ ਉਸਦੇ ਵਚਨ ਦੇ ਨਾਲ ਟਿਕਿਆ ਰਹੇਗਾ।

45 ਕੁਝ ਰਾਤ ਪਹਿਲਾਂ ਦੀ ਗੱਲ ਹੈ, ਐਰੀਜੋਨਾ ਦੇ ਇੱਕ ਸੇਵਕ ਨੇ ਜੋ ਕਿ ਇੱਥੋਂ ਦੇ ਇਸ ਸ਼ਹਿਰ ਦੇ ਇੱਕ ਮਹਾਨ ਅਤੇ ਮਸ਼ਹੂਰ ਸਕੂਲ ਦਾ ਸੀ। ਮੇਰੇ ਕੋਲ ਆਇਆ ਅਤੇ ਆਖਿਆ, "ਮੈਂ ਤੁਹਾਨੂੰ ਕਿਸੇ ਚੀਜ ਦੇ ਲਈ ਸੁਧਾਰ ਕਰਨਾ ਚਾਹੁੰਦਾ ਹਾਂ"। (ਮੈਂ ਆਖਿਆ...) "ਜਦ ਤੁਹਾਨੂੰ ਮੌਕਾ ਮਿਲ ਜਾਵੇ"।

ਮੈਂ ਕਿਹਾ, "ਇਹ ਤਾਂ ਸਭ ਤੋਂ ਵਧੀਆ ਮੌਕਾ ਹੈ ਜੋ ਕਿ ਮੈਂ ਜਾਣਦਾ ਹਾਂ ਆ ਜਾਓ"।

46 ਤੇ ਉਹ ਆ ਗਿਆ, ਉਹਨੇ ਕਿਹਾ, "ਮਿਸਟਰ ਬ੍ਰਾਨਹਮ, ਤੁਸੀਂ ਯਤਨ ਕਰ ਰਹੇ ਹੋ...ਮੈਂ ਯਕੀਨ ਕਰਦਾ ਹਾਂ ਕਿ ਤੁਸੀਂ ਖਰੇ ਤੇ ਵਫ਼ਾਦਾਰ ਹੋ। ਪਰ

ਤੁਸੀਂ ਜਗਤ ਨੂੰ ਰਸੂਲਾਂ ਦੀ ਸਿੱਖਿਆ ਤੋਂ ਜਾਣੂ ਕਰਾਉਣ ਦਾ ਯਤਨ ਕਰ ਰਹੇ ਹੋ"। ਅਤੇ ਆਖਿਆ, "ਰਸੂਲਾਂ ਦਾ ਯੁੱਗ ਤਾਂ ਰਸੂਲਾਂ ਦੇ ਨਾਲ ਹੀ ਖਤਮ ਹੋ ਗਿਆ ਸੀ" ।

47 ਮੈਂ ਕਿਹਾ, "ਮੇਰੇ ਭਾਈ ਜੀ ਸਭ ਤੋਂ ਪਹਿਲਾਂ ਤਾਂ ਜੋ ਗੱਲ ਮੈਂ ਪੁੱਛਣੀ ਚਾਹੁੰਦਾ ਹਾਂ, ਉਹ ਇਹ ਹੈ ਕਿ ਤੁਸੀਂ ਵਿਸ਼ਵਾਸ ਕਰਦੇ ਹੋ ਕਿ ਖੁਦਾ ਦਾ ਹਰੇਕ ਵਚਨ ਪ੍ਰੇਰਣਾ ਪਾਇਆ ਹੋਇਆ ਹੈ?"

ਉਹਨੇ ਕਿਹਾ, "ਹਾਂ, ਸ਼੍ਰੀ ਮਾਨ ਜੀ, ਮੈਂ ਵਿਸ਼ਵਾਸ ਕਰਦਾ ਹਾਂ"।

48 ਮੈਂ ਕਿਹਾ, "ਕੀ ਤੁਸੀਂ ਮੈਨੂੰ ਵਚਨ ਵਿੱਚੋਂ ਵਿਖਾਉਗੇ ਕਿ ਕਿੱਥੇ ਰਸੂਲਾਂ ਦਾ ਯੁੱਗ ਖਤਮ ਹੋ ਗਿਆ? ਹੁਣ ਤੁਸੀਂ ਮੈਨੂੰ ਵਿਖਾਓ ਕਿ ਇਹ ਕਿੱਥੇ ਹੈ, ਮੈਂ ਤੁਹਾਡੇ ਨਾਲ ਵਿਸ਼ਵਾਸ ਕਰਾਂਗਾ"। ਮੈਂ ਆਖਿਆ, "ਰਸੂਲਾਂ ਦੇ ਕਰਤਬ ਦਾ ਲਿਖਾਰੀ ਉਹ ਜਿਹਦੇ ਕੋਲ ਰਾਜ ਦੀਆਂ ਕੁੰਜੀਆਂ ਸਨ। ਪੈਂਤੀਕੁਸਤ ਦੇ ਦਿਨ ਜਦ ਰਸੂਲਾਂ ਦਾ ਯੁੱਗ ਜਾਣੂ ਕਰਵਾਇਆ ਗਿਆ ਸੀ, ਉਹਨਾਂ ਆਖਿਆ, 'ਹੇ ਮਨੁੱਖੋਂ ਅਤੇ ਭਾਇਓ, ਅਸੀਂ ਬਚਾਏ ਜਾਣ ਦੇ ਲਈ ਕੀ ਕਰ ਸਕਦਾ ਹਾਂ?' ਉਹਨੇ ਕਿਹਾ, 'ਤੌਬਾ ਕਰੋ, ਅਤੇ ਤੁਹਾਡੇ ਵਿੱਚੋਂ ਹਰੇਕ ਆਪੋ ਆਪਣੇ ਪਾਪਾਂ ਦੀ ਮਾਫ਼ੀ ਦੇ ਲਈ ਪ੍ਰਭੂ ਯਿਸੂ ਮਸੀਹ ਦੇ ਨਾਮ ਵਿੱਚ ਬਪਤੀਸਮਾ ਲਵੇ ਤਾਂ ਤੁਸੀਂ ਪਵਿੱਤਰ ਆਤਮਾ ਦਾ ਦਾਨ ਪਾਉਗੇ। ਇਹ ਕਰਾਰ ਤੁਹਾਡੇ ਲਈ ਅਤੇ ਤੁਹਾਡੇ ਸੰਤਾਂ ਦੇ ਲਈ ਹੈ। ਤੇ ਉਹਨਾਂ ਦੇ ਲਈ ਜਿਹੜੇ ਦੂਰ ਹਨ, ਤੇ ਉਹਨਾਂ ਸਭਨਾਂ ਦੇ ਲਈ ਜਿੰਨਿਆਂ ਨੂੰ ਖੁਦਾਵੰਦ ਸਾਡਾ ਖੁਦਾ ਆਪਣੇ ਕੋਲ ਬੁਲਾਵੇਗਾ। ਹੁਣ ਵਚਨ ਆਪਣੇ ਆਪ ਦਾ ਵਿਰੁੱਧ ਕਿੰਝ ਕਰ ਸਕਦਾ ਹੈ?"

ਉਸ ਆਦਮੀ ਨੇ ਕਿਹਾ, "ਮੈਨੂੰ ਅੱਜ ਰਾਤ ਬੜੀ ਠੰਡ ਲੱਗੀ ਹੋਈ ਹੈ"।

ਮੈਂ ਆਖਿਆ, "ਮੈਂ ਇੰਝ ਹੀ ਸੋਚਦਾ ਹਾਂ," ਸਮਝੇ?

49 ਹੁਣ ਤੁਸੀਂ ਮੈਨੂੰ ਦੱਸੋ ਕਿ ਕੀ ਅੱਜ ਵੀ ਖੁਦਾ ਬੁਲਾ ਰਿਹਾ ਹੈ। ਜੇ ਖੁਦਾ ਅੱਜ ਵੀ ਬੁਲਾ ਰਿਹਾ ਹੈ, ਤਦ ਰਸੂਲਾਂ ਦਾ ਯੁੱਗ ਅਜੇ ਵੀ ਹੋਂਦ ਵਿੱਚ ਹੈ। ਯਕੀਨਨ! ਜਿੰਨਿਆਂ ਨੂੰ ਵੀ ਖੁਦਾਵੰਦ ਸਾਡਾ ਖੁਦਾ ਬੁਲਾਵੇਗਾ, ਕਦੇ ਬੁਲਾਇਆ, ਜਾਂ ਕਦੇ ਬੁਲਾਵੇਗਾ। ਜਿੰਨਿਆਂ ਨੂੰ ਵੀ ਉਹ ਬੁਲਾਵੇਗਾ, ਇਹ ਤਾਂ ਅਜੇ ਵੀ ਰਸੂਲਾਂ ਦਾ ਹੀ ਯੁੱਗ ਹੋਵੇਗਾ, ਕਿਉਂ ਕਿ ਯਿਸੂ ਅੱਜ, ਕਲ ਅਤੇ ਯੁਗੋਂ ਯੁੱਗ ਇੱਕੋ ਜਿਹਾ ਹੀ ਹੈ।

50 ਹੁਣ ਅਸੀਂ ਅੱਜ ਵੇਖਦੇ ਹਾਂ ਕਿ ਇਹ ਵਿਰੋਧਤਾ ਹਰੇਕ ਯੁੱਗ ਦੇ ਅੰਦਰ ਬੀਜੀ ਗਈ ਹੈ। ਜੇ ਇਹ ਸੰਭਵ ਹੋਇਆ ਕਿ ਅਗਲੇ ਦੱਸ ਜਾਂ ਪੰਦਰਾਂ ਮਿੰਟਾਂ ਵਿੱਚ ਅਸੀਂ ਇਹਨੂੰ ਲਈ ਸਕੀਏ, ਮੈਂ ਇਹ ਕਰਾਂਗਾ ਪਰ ਤੁਸੀਂ ਨਹੀਂ ਕਰ ਸਕਦੇ। ਯੁੱਗਾਂ ਦੇ ਰਾਹੀਂ...ਅਸੀਂ ਸੱਭੇ, ਅਸੀਂ ਤਕਰੀਬਨ ਸਾਰੇ ਹੀ ਬਾਈਬਲ

ਪੜ੍ਹਦੇ ਹਾਂ। ਤੇ ਹੁਣ ਜਦ ਯਿਸੂ ਆਵੇ, ਤੇ ਉਹ ਉਸ ਵਿਰੋਧਤਾ ਨੂੰ ਪਾਵੇ, ਉਲਟ ਵੇਖੇ। ਉਹ ਤਾਂ ਪ੍ਰਗਟ ਕੀਤਾ ਹੋਇਆ ਵਚਨ ਸੀ। ਉਹ ਤਾਂ ਖੁਦਾ ਦਾ ਉਹਦੇ ਕਲਾਮ ਦੇ ਲਈ ਅਨੁਵਾਦ ਸੀ। ਕਿਉਂਕਿ ਉਹਨੇ ਆਖਿਆ ਸੀ, "ਤੁਸੀਂ ਲਿਖਤਾਂ ਨੂੰ ਭਾਲਦੇ ਹੋ, ਕਿਉਂਕਿ ਤੁਸੀਂ ਸਮਝਦੇ ਹੋ ਭਈ ਇਹਨਾਂ ਵਿੱਚ ਸਾਨੂੰ ਸਦੀਪਕ ਜਿਊਣ ਮਿਲਦਾ ਹੈ ਅਤੇ ਮੇਰੇ ਹੱਕ ਵਿੱਚ ਜੋ ਸਾਖੀ ਦਿੰਦੇ ਹਨ ਸੋ ਇਹੋ ਹਨ"। ਇਹ ਹੋਈ ਨਾ ਗੱਲ, ਉਹ ਵਚਨ ਦਾ ਅਨੁਵਾਦ ਸੀ। ਅਤੇ ਇਸ ਯੁੱਗ ਦਾ ਹਰੇਕ ਨਵਾਂ ਜਨਮ ਪਾਇਆ ਹੋਇਆ ਖੁਦਾ ਦਾ ਪੁੱਤਰ ਅਤੇ ਪੁੱਤਰੀ ਵਚਨ ਦਾ ਅਨੁਵਾਦ ਹੈ। ਤੁਸੀਂ ਲਿਖੀ ਹੋਈ ਚਿੱਠੀ ਹੋ, ਜਿਹਨੂੰ ਸਭ ਮਨੁੱਖ ਪੜ੍ਹਦੇ ਹਨ।

51 ਧਿਆਨ ਦਿਓ ਉਹਨੇ ਆਖਿਆ, "ਉਹ ਵਿਅਰਥ ਮੇਰੀ ਉਪਾਸਨਾ ਕਰਦੇ ਹਨ, ਤੇ ਤਾਲੀਮ ਦੇ ਲਈ ਵਿਰੋਧਤਾ ਸਿਖਾਉਂਦੇ ਹਨ। ਉਹ ਵਿਅਰਥ ਮੇਰੀ ਉਪਾਸਨਾ ਕਰਦੇ ਹਨ ਤੇ ਤਾਲੀਮ ਦੀ ਥਾਂ ਤੇ ਉਹ ਵਿਰੋਧਤਾ ਸਿਖਾਉਂਦੇ ਹਨ। ਮਨੁੱਖ ਦੀ ਸਿੱਖਿਆ, ਮਨੁੱਖ ਦੇ ਆਕਿਦੇ। ਉਹ ਸਭ ਖੁਦਾ ਦੇ ਕਲਾਮ ਦੀ ਥਾਂ ਤੇ ਸਿਖਾਉਂਦੇ ਹਨ, ਜਦ ਕਿ ਇਹਨਾਂ ਚੀਜਾਂ ਦਾ ਖੁਦਾ ਦੇ ਕਲਾਮ ਦੇ ਨਾਲ ਕੋਈ ਵੀ ਵਾਸਤਾ ਨਹੀਂ"।

52 ਧਿਆਨ ਦਿਓ ਹਰੇਕ ਯੁੱਗ ਨੇ ਹੀ ਅਜਿਹੀ ਫਸਲ ਪੈਦਾ ਕਰ ਦਿੱਤੀ ਹੈ, ਹਰੇਕ ਯੁੱਗ ਨੇ ਹੀ ਇੰਝ ਕੀਤਾ ਹੈ। ਤੇ ਸਾਡੇ ਯੁੱਗ ਨੂੰ ਕੋਈ ਛੋਟ ਨਹੀਂ ਹੈ। ਸਾਡੇ ਯੁੱਗ ਵਿੱਚ ਵੀ ਇੰਝ ਹੀ ਹੋਇਆ ਹੈ। ਤੇ ਸਭ ਯੁੱਗਾਂ ਨਾਲੋਂ ਵਧੇਰੇ ਮਹਾਨ ਯੁੱਗ ਇਹ ਹੈ, ਜੇ ਸਭ ਯੁੱਗਾਂ ਨੂੰ ਇਕੱਠੇ ਕੀਤਾ ਜਾਵੇ ਤਾਂ। ਕਿਉਂਕਿ ਇਸ ਯੁੱਗ ਦੇ ਦੌਰਾਨ ਸੰਸਾਰ ਦੇ ਇਤਿਹਾਸ ਦਾ ਖਾਤਮਾ ਹੋ ਜਾਵੇਗਾ। ਇਹ ਤਾਂ ਸਭ ਤੋਂ ਵੱਡੀ ਵਿਰੋਧਤਾ ਹੈ ਜੋ ਕਿ ਕਦੇ ਇਸ ਧਰਤੀ ਤੇ ਹੋਈ ਹੈ, ਉਹ ਅੱਜ ਇਸ ਸੰਸਾਰ ਦੇ ਉੱਤੇ ਮੌਜੂਦ ਹੈ। ਤੇ ਦੂਜਿਆਂ ਯੁੱਗਾਂ ਦੇ ਅੰਦਰ ਵਿਰੋਧਤਾ ਨੇ ਉਹਨਾਂ ਨੂੰ ਜਿਉਂਦੇ ਖੁਦਾ ਤੋਂ ਖਿੱਚ ਕੇ ਬੁੱਤਾਂ ਦੀ ਵੱਲ ਫੇਰ ਦਿੱਤਾ। ਅੱਜ ਯਿਸੂ ਨੇ ਮੱਤੀ 24:24 ਵਿੱਚ ਆਖਿਆ ਹੈ ਕਿ ਇਹ ਇਨਾਂ ਨੇੜੇ ਹੋਵੇਗਾ ਕਿ ਜੇ ਹੋ ਸਕਦਾ ਹੈ ਤਾਂ ਉਹ ਚੁਣਿਆਂ ਹੋਇਆਂ ਨੂੰ ਵੀ ਭੁਲਾਵੇ ਵਿੱਚ ਪਾ ਦੇਣਗੇ। ਤੁਸੀਂ ਵਿਰੋਧਤਾ ਦੀ ਗੱਲਬਾਤ ਕਰਦੇ ਹੋ! ਔਹ, ਇਹ ਤਾਂ ਬਹੁਤ ਹੀ ਹੋਸ਼ਿਆਰ ਅਤੇ ਚਲਾਕ ਹੈ। ਸ਼ੈਤਾਨ ਲੋਕਾਂ ਦੇ ਅੰਦਰ ਹੈ ਅਤੇ ਉਹ ਅਜਿਹਾ ਵਿਦਵਾਨ ਹੈ ਕਿ ਅਜਿਹਾ ਧਰਮ ਗਿਆਨੀ ਹੈ ਅਤੇ ਉਹ ਵਚਨ ਦੀ ਸੰਪੂਰਨ ਸਿੱਖਿਆ ਦੇ ਸਕਦਾ ਹੈ। ਯਿਸੂ ਨੇ ਇੰਝ ਹੀ ਆਖਿਆ ਹੈ। ਪਰ ਉਹਨੂੰ ਜਰਾ ਧਿਆਨ ਨਾਲ ਵੇਖੋ ਕਿਤੇ ਨ ਕਿਤੇ ਇਹ ਆਖ ਦਿੱਤਾ ਹੋਵੇਗਾ, "ਠੀਕ ਹੈ, ਭਈ ਹੁਣ ਇਹ ਗੱਲ ਤਾਂ ਸਾਡੇ ਇਹਦੇ ਲਈ ਨਹੀਂ ਹੈ"। ਔਹ, ਹਾਂ ਜੀ, ਇਹ ਵੀ ਹੈ। ਸਮਝੇ? ਕਿਉਂਕਿ ਖੁਦਾ ਨੇ ਆਖਿਆ ਹੈ ਕਿ ਇਹ ਸੀ।

53 ਧਿਆਨ ਦਿਓ ਇਹਨੇ ਕੀ ਕੀਤਾ? ਉਹੋ ਹੀ ਵਿਰੋਧਤਾ ਨੂਹ ਦੇ ਦਿਨਾਂ ਦੇ ਅੰਦਰ ਖੁਦਾ ਦੇ ਗਜਬ ਨੂੰ ਲੋਕਾਂ ਦੇ ਉੱਤੇ ਲਈ ਆਈ। ਜਦ ਖੁਦਾ ਨੇ ਆਪਣਾ ਨਬੀ ਬਾਹਰ ਪ੍ਰਚਾਰ ਕਰਨ ਲਈ ਘੱਲਿਆ ਅਤੇ ਉਹਨੇ ਅੱਗ ਦੀ ਲਾੱਟ ਵਾਂਗ ਪ੍ਰਚਾਰ ਕੀਤਾ। ਲੋਕਾਂ ਨੂੰ ਤੌਬਾ ਕਰਨ ਦਾ ਸੱਦਾ ਦਿੱਤਾ ਤੇ ਵਿਰੋਧਤਾ ਤਾਂ ਨੂਹ ਦੇ ਜਮਾਨੇ ਵਿੱਚ ਆਏ ਹੜ੍ਹ ਦੇ ਅੰਦਰ ਡੋਬ ਦਿੱਤੀ ਗਈ। ਤਦ ਸ਼ੈਤਾਨ ਨੇ ਕੀ ਕੀਤਾ? ਹਾਮ ਦੇ ਵਿੱਚੋਂ ਦੀ ਫਿਰ ਪਿੱਛੇ ਆ ਗਿਆ। ਤੇ ਫਿਰ ਉਹਨੇ ਵਿਰੋਧ ਦਾ ਬੀਜ ਬੀਜਣਾ ਸ਼ੁਰੂ ਕੀਤਾ।

54 ਇਹ ਬਿਲਕੁਲ ਠੀਕ ਹੈ ਤੇ ਫਿਰ ਉਹ ਵੱਡਾ ਤੇ ਮਹਾਨ ਨਬੀ ਮੂਸਾ ਆ ਗਿਆ ਤਾਂ ਕਿ ਇਸਰਾਏਲੀ ਬੱਚਿਆਂ ਨੂੰ ਉਜਾੜ ਵਿੱਚੋਂ ਉਤਾਂਹ ਲਈ ਆਵੇ। ਕੀ ਹੋਇਆ? ਮੂਸਾ ਜੋ ਕਿ ਖੁਦਾ ਦਾ ਮਹਾਨ ਨਬੀ ਸੀ ਜੋ ਕਿ ਉਹਨਾਂ ਤਕ ਬਿਲਕੁਲ ਠੀਕ ਸੱਚਾਈ ਲਈ ਕੇ ਆ ਰਿਹਾ ਸੀ, ਸਾਬਤ ਕੀਤੀ ਹੋਈ ਸੱਚਾਈ। ਉਹਦੀ ਮੁਲਾਕਾਤ ਖੁਦਾ ਦੇ ਨਾਲ ਹੋਈ ਸੀ। ਤੇ ਖੁਦਾ ਨੇ ਵੀ ਇਹ ਸਾਬਤ ਕੀਤਾ ਕਿ ਮੂਸਾ ਉਸਨੂੰ ਮਿਲਿਆ ਹੈ। ਅਤੇ ਕਿੰਝ ਉਹ ਲੋਕ ਉੱਥੇ ਪਿਛਾਂਹ, ਉਹ ਜਾਜਕ। ਉਹਨਾਂ ਦੇ ਕੋਲ ਉਹਨਾਂ ਦਾ ਕੋਈ ਧਰਮ ਸੀ। ਉਹਨਾਂ ਦੀਆਂ ਰੀਤਾਂ ਰਿਵਾਜਾਂ ਸਨ ਅਤੇ ਹਰੇਕ ਚੀਜ ਸੀ। ਪਰ ਮੂਸਾ ਵਚਨ ਦੇ ਅਨੁਵਾਦ ਦੇ ਸਬੂਤ ਵਿੱਚ ਖਲੋਤਾ ਰਿਹਾ। ਇਹਨੂੰ ਨਾ ਭੁੱਲਣਾ! ਮੂਸਾ ਖੁਦਾ ਦੇ ਵਾਅਦੇ ਦਾ ਅਨੁਵਾਦ ਸੀ। ਉਹਨੇ ਆਖਿਆ ਸੀ ਕਿ ਉਹ ਕਰੇਗਾ; ਉਹ ਖੁਦਾ ਦਾ ਅਨੁਵਾਦ ਸੀ।

55 ਕੀ ਹੋਇਆ? ਕਿ ਕਲੀਸੀਆ ਨੇ ਮਿਸਰ ਵਿੱਚੋਂ ਚਲਣਾ ਸ਼ੁਰੂ ਕੀਤਾ। ਪੈਦਲ ਚੱਲ ਰਹਿ ਸੀ ਕੁਝ ਦਿਨ ਹੋ ਗਏ ਸਨ, ਅਤੇ ਕੀ ਹੋਇਆ। ਅਤੇ ਸ਼ੈਤਾਨ ਆਪਣੀ ਵਿਰੋਧਤਾ ਨੂੰ ਲਈ ਕੇ ਆਣ ਵੜਿਆ। ਇੱਕ ਆਦਮੀ ਦੇ ਅੰਦਰੋਂ ਦੀ, ਦੂਜਾ ਕਾਇਨ, ਜੋ ਕਿ ਬਿਲਆਮ ਸੀ। ਅਤੇ ਉਹਨੇ ਉਹਨਾਂ ਦੇ ਵਿਚਕਾਰ ਵਿਰੋਧਤਾ ਬੀਜ ਦਿੱਤੀ। ਅਸੀਂ ਜਾਣਦੇ ਹਾਂ ਕਿ ਇਹ ਠੀਕ ਹੈ। ਉਹ ਬਿਲਆਮ, ਬਿਲਆਮ ਦੀ ਸਿੱਖਿਆ, "ਸਭ ਇੱਕੋ ਜਿਹੇ ਹਨ। ਅਸੀਂ ਵੀ ਉਸੇ ਹੀ ਖੁਦਾ ਦੀ ਸੇਵਾ ਕਰਦੇ ਹਾਂ ਜਿਹਦੀ ਤੁਸੀਂ ਕਰਦੇ ਹੋ", ਮੂਲ ਤੌਰ ਤੇ, ਉਹ ਠੀਕ ਸੀ। ਕਿਉਂਕਿ ਉਹਨੇ ਉਹੋ ਹੀ ਕੁਰਬਾਨੀ ਚੜ੍ਹਾਈ ਸੀ ਜੋ ਕਿ ਖੁਦਾ ਨੂੰ ਚੜ੍ਹਾਈ ਜਾਣੀ ਚਾਹੀਦੀ ਹੈ। ਸੱਤ ਛੱਤਰੇ, ਸੱਤ ਬੈਲ, ਸੱਤ ਜਗਵੇਦੀਆਂ ਦੇ ਉੱਤੇ। ਤੇ ਉਸੇ ਹੀ ਖੁਦਾ ਦੇ ਅੱਗੇ ਪ੍ਰਾਰਥਨਾ ਕੀਤੀ, ਹੂਬਹੂ ਉਦੋਂ ਹੀ ਜਿਵੇਂ ਕਿ ਮੂਸਾ ਨੇ ਉਜਾੜ ਵਿੱਚ ਕੀਤਾ ਸੀ। ਬਿਲਕੁਲ ਠੀਕ ਉਦਾਂ ਹੀ, ਪਰ ਉਹ ਇੱਕੋ ਜਿਹੇ ਨਹੀਂ ਸਨ। ਸਾਡੇ ਲਈ ਉਹ ਨਮੂਨਾ ਛੱਡ ਰਿਹਾ ਸੀ ਕਿ ਆਉਣ ਵਾਲੇ ਦਿਨਾਂ ਵਿੱਚ ਕੀ ਹੋਵੇਗਾ। ਉੱਥੇ ਫਿਰ ਦੁਬਾਰਾ ਬਿਲਆਮ ਦੇ ਵਿੱਚੋਂ ਦੀ ਕਾਇਨ ਪ੍ਰਗਟ ਹੋਇਆ। ਉੱਥੇ ਮੂਸਾ ਦੇ ਵਿੱਚੋਂ ਖੁਦਾ ਪ੍ਰਗਟ ਹੋਇਆ। ਇੱਕ

ਮਨੁੱਖੀ ਪ੍ਰਾਣੀ ਦੇ ਵਿੱਚੋਂ ਦੀ ਖੁਦਾ ਆਪਣੇ ਕਲਾਮ ਦਾ ਅਨੁਵਾਦ ਕਰ ਰਿਹਾ ਸੀ ਤੇ ਆਪਣੇ ਆਪ ਨੂੰ ਜਾਣੂ ਕਰਵਾ ਰਿਹਾ ਸੀ, ਉਹਦਾ ਵਾਇਦਾ ਇੱਕ ਮਨੁੱਖੀ ਪ੍ਰਾਣੀ ਦੇ ਵਿੱਚੋਂ ਦੀ, ਤੇ ਵਿਰੋਧਤਾ ਉਠ ਖਲੋਤੀ।

56 ਸੋ ਇਸੇ ਤਰ੍ਹਾਂ ਯਹੂਦਾ ਦੇ ਦਿਨੀਂ ਹੋਇਆ। ਉੱਥੇ ਉਹ ਆਪਣੀ ਵਿਰੋਧਤਾ ਦੇ ਨਾਲ ਆ ਗਿਆ।

57 ਅਤੇ, ਯਾਦ ਰਹੇ ਕਿ ਇਹ ਪਾਪ ਜੋ ਉਹਨਾਂ ਲੋਕਾਂ ਨੇ ਮੰਨਿਆ, "ਅਸੀਂ ਸਭ ਇੱਕ ਹਾਂ। ਅਸੀਂ ਉਸੇ ਹੀ ਖੁਦਾ ਦੀ ਉਪਾਸਨਾ ਕਰਦੇ ਹਾਂ, ਸਾਨੂੰ ਉਸੇ ਹੀ ਕਲੀਸੀਆ ਦੇ ਨਾਲ ਸੰਬੰਧ ਰੱਖਣਾ ਚਾਹੀਦਾ ਹੈ। ਸਾਨੂੰ ਇੱਕੋ ਜਿਹੇ ਲੋਕ ਹੋਣਾ ਚਾਹੀਦਾ ਹੈ"। ਅਤੇ ਉਹ ਪਾਪ ਇਸਰਾਏਲ ਨੂੰ ਹਰਗਿਜ ਵੀ ਮਾਫ ਨਹੀਂ ਕੀਤਾ ਗਿਆ! ਯਿਸੂ ਨੇ ਖੁਦ, ਆਖਿਆ ਹੈ, "ਉਹ ਸਭ ਮਰ ਗਏ ਹਨ"!

58 ਉਹ ਸਭ ਨਾਸ਼ ਹੋ ਗਏ ਪਰ ਉਹਨਾਂ ਵਿੱਚੋਂ ਤਿੰਨ। ਤੇ ਇਹ ਉਹ ਸਨ ਜਿਹਨਾਂ ਨੇ ਪਕੜ ਨਹੀਂ ਛੱਡੀ ਤੇ ਵਾਇਦੇ ਦੇ ਉੱਤੇ ਨਿਹਚਾ ਕੀਤੀ। ਜਦ ਕਿ ਕਮਜੋਰਾਂ ਨੇ ਆਖਿਆ ਕਿ ਅਸੀਂ ਉਸ ਦੇਸ਼ ਨੂੰ ਲੈ ਨਹੀਂ ਸਕਦੇ, ਅਤੇ ਇਹ ਸਾਡੇ ਲਈ ਬੜੀ ਔਖੀ ਗੱਲ ਹੈ, ਤੇ ਹੋਰ ਹੋਰ। ਕਾਲੇਬ ਅਤੇ ਯਹੋਸ਼ੂਆ ਨੇ ਲੋਕਾਂ ਨੂੰ ਸ਼ਾਂਤ ਕੀਤਾ, ਅਤੇ ਆਖਿਆ, "ਅਸੀਂ ਇਹਨੂੰ ਲੈਣ ਲਈ ਯੋਗ ਨਾਲੋਂ ਵੀ ਵੱਧ ਕੇ ਹਾਂ, ਕਿਉਂਕਿ ਖੁਦਾ ਨੇ ਇਹਦਾ ਵਾਦਾ ਸਾਡੇ ਨਾਲ ਕੀਤਾ ਹੈ! ਮੈਂ ਇਹਦੀ ਪਰਵਾਹ ਨਹੀਂ ਕਰਦਾ ਕਿ ਕਿੰਨੀ ਵਿਰੋਧਤਾ ਹੈ!"

59 ਅਤੇ ਅਸੀਂ ਅਜੇ ਵੀ ਰੱਬੀ ਚੰਗਾਈ ਦਾ ਪ੍ਰਚਾਰ ਕਰ ਸਕਦੇ ਹਾਂ ਤੇ ਪਵਿੱਤਰ ਆਤਮਾ ਦੇ ਬਪਤੀਸਮੇ ਦਾ। ਅਤੇ ਅਜੇ ਵੀ ਅਸੀਂ ਖੁਦਾ ਦੀ ਸਮਰੱਥ ਆਪਣੇ ਆਪ ਨੂੰ ਸੰਸਾਰ ਦੀਆਂ ਚੀਜਾਂ ਤੋਂ ਵੱਖ ਰੱਖਣ ਦੇ ਲਈ ਕਰ ਸਕਦੇ ਹਾਂ। ਖੁਦਾ ਨੇ ਇੰਝ ਆਖਿਆ ਹੈ ਤੇ ਰਸੂਲਾਂ ਦਾ ਯੁੱਗ ਹਰਗਿਜ ਵੀ ਬੰਦ ਨਹੀਂ ਹੋਇਆ ਹੈ ਇਹ ਚੱਲ ਰਿਹਾ ਹੈ।

60 ਸੋ ਅਸੀਂ ਉਸ ਪੁਰਾਣੇ ਵਿਰੋਧ ਦੇ ਬੀਜ ਬੀਜਣ ਵਾਲੇ ਨੂੰ ਵੇਖਦੇ ਹਾਂ, ਤੇ ਯਾਦ ਰਹੇ ਉਹ ਪਾਪ ਹਰਗਿਜ ਵੀ ਮਾਫ ਨਹੀਂ ਕੀਤਾ ਗਿਆ। ਹੁਣ ਭਾਈ ਜੀ, ਜੇ ਤਦ ਇਹ ਹਰਗਿਜ ਮਾਫ ਨਹੀਂ ਕੀਤਾ ਗਿਆ ਤੇ ਹੁਣ ਇਹਦੇ ਬਾਰੇ ਵਿੱਚ ਦੀ ਵਿਚਾਰ ਹੈ। ਜਦਕਿ ਸਭ ਯੁੱਗਾਂ ਦਾ ਅਸਲੀ ਬੀਜ ਹੁਣ ਇਕੱਠਾ ਹੋ ਰਿਹਾ ਹੈ?

61 ਇਸ ਮਹਾਨ ਗੱਲ ਦੀ ਵੱਲ ਵੀ ਧਿਆਨ ਦਿਓ, ਜੋ ਕਿ ਬਿਲਆਮ ਨੇ ਕੀਤੀ। ਤੇ ਇਹ ਚਲਦੀ ਹੀ ਰਹੀ, ਤੇ ਅੰਤ ਵਿੱਚਵਿੱਚ ਯਹੂਦਾ ਇਸਕਰਯੋਤੀ ਵਿੱਚ ਸਮਾਪਤ ਹੋਈ ਤੇ ਯਿਸੂ। ਇਹ ਕੀ ਸੀ? ਯਹੂਦਾ ਤੇ ਯਿਸੂ ਬਿਲਕੁਲ ਠੀਕ ਕਾਇਨ ਤੇ ਹਾਬਲ ਦੀ ਤਸਵੀਰ ਹਨ। ਜਿਵੇਂ ਕਿ ਯਹੂਦਾ ਧਾਰਮਿਕ ਸੀ,

ਸੋ ਇਦਾਂ ਹੀ ਕਾਇਨ ਵੀ ਧਾਰਮਿਕ ਸੀ। ਕਾਇਨ ਨੇ ਜਗਵੇਦੀ ਬਣਾਈ, ਉਹਨੇ ਕੁਰਬਾਨੀ ਚੜ੍ਹਾਈ। ਉਹਨੇ ਖੁਦਾ ਦੀ ਭਗਤੀ ਕੀਤੀ। ਤੇ ਉਹ ਇਨਾਂ ਹੀ ਖਰਾ ਅਤੇ ਵਫ਼ਾਦਾਰ ਇਹਦੇ ਵਿੱਚੋਂ ਸੀ ਜਿੰਨਾਂ ਦੇ ਦੂਜਾ ਜਣਾ ਸੀ। ਪਰ, ਤੁਸੀਂ ਵੇਖਦੇ ਹੋ ਕਿ ਉਹਦੇ ਕੋਲ ਪ੍ਰਕਾਸ਼ ਨਹੀਂ ਸੀ ਕਿ ਵਚਨ ਕੀ ਹੈ। ਉਹਨੇ ਇਹੋ ਹੀ ਸੋਚਿਆ ਸੀ ਕਿ ਇਹ ਤਾਂ ਆਦਮ ਜਾਂ ਹਵਾਹ ਨੇ ਕੁਝ ਸੇਬ ਜਾਂ ਕੋਈ ਫਲ ਖਾਧਾ ਸੀ। ਅਤੇ ਕਾਇਨ...ਹਾਬਲ ਨੇ ਪ੍ਰਕਾਸ਼ ਦੁਆਰਾ ਜਾਣ ਲਿਆ ਕਿ ਉਹ ਗਲਤ ਸੀ। ਇਹ ਤਾਂ ਲਹੂ ਸੀ ਜਿਹੜਾ ਕਿ ਉਹਨਾਂ ਨੂੰ ਬਾਹਰ ਲਿਆਇਆ ਸੀ। ਤੇ ਉਹਨਾਂ ਨੇ ਇੱਕ ਲੇਲਾ ਬਲੀਦਾਨ ਚੜਾਇਆ ਤੇ ਖੁਦਾ ਨੇ ਗਵਾਹੀ ਦਿੱਤੀ ਕਿ ਹਾਬਲ ਦੀ ਕੁਰਬਾਨੀ ਠੀਕ ਸੀ। ਤਦ ਉਹ ਖਾਰ ਨਾਲ ਭਰ ਗਿਆ ਤੇ ਉਹਨੇ ਆਪਣੇ ਭਰਾ ਨੂੰ ਕਤਲ ਕਰਨਾ ਚਾਹਿਆ। ਅਤੇ ਜਿਦਾਂ ਹੀ ਉਸਨੇ ਆਪਣੇ ਭਰਾ ਦਾ ਕਤਲ ਉਸੇ ਹੀ ਥਾਂ ਤੇ ਕੀਤਾ ਜਿੱਥੇ ਉਹਦੀ ਕੁਰਬਾਨੀ ਵੀ ਮਾਰੀ ਗਈ ਸੀ। ਤੇ ਲੇਲਾ ਉਸ ਜਗਵੇਦੀ ਤੇ ਮਾਰਿਆ ਗਿਆ। ਤੇ ਏਦਾਂ ਹੀ ਯਹੂਦਾ ਇਸਕਰਯੋਤੀ ਨੇ ਯਿਸੂ ਨੂੰ ਖੁਦਾ ਦੀ ਜਗਵੇਦੀ ਉੱਤੇ ਫੜਵਾਇਆ। ਅਤੇ ਉਹਨੂੰ ਮਾਰ ਦਿੱਤਾ ਜਿਦਾਂ ਕਿ ਕਾਇਨ ਨੇ ਹਾਬਲ ਨੂੰ ਮਾਰ ਦਿੱਤਾ ਕਿਉਂਕਿ ਕਾਇਨ ਵਿਰੋਧ ਦਾ ਬੀਜ ਸੀ।

62 ਅਤੇ ਇਦਾਂ ਹੀ ਭਾੜੇ ਦਾ ਟੱਟੂ, ਨਬੀ ਬਿਲਆਮ ਸੀ, ਉਹ ਆਦਮੀ ਜਿਹਨੂੰ ਕਿ ਚੰਗੀ ਤਰ੍ਹਾਂ ਪਤਾ ਹੋਣਾ ਚਾਹੀਦਾ ਸੀ। ਤੇ ਖੁਦਾ ਨੇ ਉਹਨੂੰ ਅਚੰਭਿਆਂ ਅਤੇ ਨਿਸ਼ਾਨੀਆਂ ਦੇ ਦੁਆਰਾ ਚੇਤਾਵਨੀ ਵੀ ਦਿੱਤੀ ਸੀ ਇੱਥੋਂ ਤਕ ਕਿ ਇੱਕ ਖੋਟੀ ਵੀ ਗੈਰ ਜੁਬਾਨ ਵਿੱਚ ਬੋਲੀ ਸੀ। ਪਰ ਉਹ ਤਾਂ ਸਿਰ ਤੋੜ ਉਦਾਂ ਹੀ ਭੱਜ ਗਿਆ। ਉਹ ਵਿਰੋਧ ਦਾ ਬੀਜਬੀਜਣ ਵਾਲਾ ਹੋ ਕੇ ਹੀ ਜੰਮਿਆ ਸੀ।

63 ਅਤੇ ਜੇ ਯਿਸੂ ਨੇ ਇਸ ਯੁੱਗ ਦੇ ਬਾਰੇ ਵਿੱਚ ਇਹ ਭਵਿੱਖਬਾਣੀ ਕੀਤੀ ਹੈ ਕਿ ਇਹ ਵਿਰੋਧ ਦੇ ਵਿੱਚ ਹੀ ਖਤਮ ਹੋਵੇਗੀ ਅਜਿਹਾ ਵਿਰੋਧ ਜੋ ਕਦੇ ਹੋਇਆ ਹੋਵੇ। ਲਉਦੀਕੀਆ ਦਾ ਕਲਿਸਿਆਈ ਯੁੱਗ, ਸਿਲਗਰਮ ਯੁੱਗ, ਉਹਨਾਂ ਨੇ ਉਹਨੂੰ ਕਲੀਸੀਆ ਵਿੱਚੋਂ ਬਾਹਰ ਕੱਢ ਦਿੱਤਾ ਹੈ। ਇਹ ਸਿਵਾਏ ਕਿਸੇ ਵਿਰੋਧ ਦੇ ਹੋਰ ਕਿਹੜੀ ਚੀਜ ਹੋ ਸਕਦੀ ਹੈ। ਯਕੀਨਨ ਇਹ ਹੈ, ਇਹ ਉਸ ਯੁੱਗ ਵਿੱਚ ਖਤਮ ਹੁੰਦੀ ਹੈ।

ਤੇ ਫਿਰ ਕਲਵਰੀ ਉੱਤੇ ਕਾਇਨ ਅਤੇ ਹਾਬਲ ਸਨ।

64 ਹੁਣ ਧਿਆਨ ਦਿਓ, ਜਿਵੇਂ ਕਿ ਕਦੇ ਹੋਇਆ, ਜਿਵੇਂ ਕਿ ਯਿਸੂ ਗਿਆ, ਸੁਰਗ ਵਿੱਚ ਗਿਆ, ਪਵਿੱਤਰ ਆਤਮਾ ਵਾਪਿਸ ਘੱਲ ਦਿੱਤਾ ਗਿਆ। ਉਹ ਬੀਜ ਸੀ, ਵਚਨ ਵਿੱਚ ਜਾਨ ਪਾਉਣ ਵਾਲਾ ਜਿਵੇਂ ਕਿ ਅਸੀਂ ਬੀਤੀ ਹੋਈ ਰਾਤ ਇਸ ਉੱਤੇ ਪ੍ਰਚਾਰ ਕੀਤਾ ਸੀ। ਪਵਿੱਤਰ ਆਤਮਾ ਹੀ ਹੈ ਜੋ ਵਚਨ ਦਾ

ਜਿਉਦਾਤਾ ਹੈ। *ਕਵੀਕਨ* ਦਾ ਮਤਲਬ ਹੈ "ਜਿਲਾਇਆ ਜਾਣਾ"। ਜਿਹੜਾ ਵਚਨ ਮੌਜੂਦ ਹੈ ਉਹਨੂੰ ਅਸਲੀ ਪਵਿੱਤਰ ਆਤਮਾ ਹੀ ਜਿਉਂਦਾ ਕਰਦਾ ਹੈ। ਪਵਿੱਤਰ ਆਤਮਾ ਕਿਸੇ ਆਕਿਦੇ ਨੂੰ ਜਿਉਂਦਾ ਨਹੀਂ ਕਰੇਗਾ। ਇਹ ਨਹੀਂ ਕਰ ਸਕਦਾ, ਕਿਉਂਕਿ ਉਹਦਾ ਆਕਿਦੇ ਨਾਲ ਕੋਈ ਸੰਬੰਧ ਨਹੀਂ ਹੈ। ਇਹ ਤਾਂ ਖੁਦਾ ਦੇ ਵਚਨ ਦਾ ਜੀਵਨ ਹੈ ਕਿਉਂਕਿ ਇਹ ਖੁਦਾ ਹੈ। ਸਮਝੇ? ਇਹ ਉਸ ਦੇਹ ਨੂੰ ਜੀਵੰਤ ਕਰਦਾ ਹੈ।

65 ਹੁਣ ਧਿਆਨ ਦਿਓ, ਜਿਦਾਂ ਉਹਨਾਂ ਨੇ ਕੀਤਾ। ਤਦ ਜਿਦਾਂ ਹੀ ਬਾਈਬਲ ਨੇ ਆਖਿਆ ਹੈ ਕਿ ਯੂਹੰਨਾ ਆਪਣਿਆਂ ਦੇ ਨਾਲ ਬੋਲਿਆ, ਅਤੇ ਆਖਿਆ, "ਛੋਟੇ ਬੱਚਿਓ, ਤੁਸੀਂ ਮਸੀਹ ਵਿਰੋਧੀ ਦੇ ਬਾਰੇ ਵਿੱਚ ਸੁਣਿਆ ਹੈ ਜਿਹਨੇ ਕਿ ਸੰਸਾਰ ਵਿੱਚ ਆਉਣਾ ਸੀ"। ਆਖਿਆ, "ਜੋ ਪਹਿਲਾਂ ਹੀ ਸੰਸਾਰ ਵਿੱਚ ਮੌਜੂਦ ਹੈ। ਅਤੇ ਇਹ ਆਤਮਾ ਅਣਆਗਿਆਕਾਰ ਦੇ ਬੱਚਿਆਂ ਵਿੱਚ ਕੰਮ ਕਰ ਰਿਹਾ ਹੈ"। ਹੁਣ, ਇਹ ਲੱਗਭਗ ਪਵਿੱਤਰ ਆਤਮਾ ਦੇ ਆ ਜਾਣ ਦੇ ਤੀਹ ਸਾਲ ਬਾਅਦ ਦੀ ਗੱਲ ਹੈ। ਅਸੀਂ ਪਤਾ ਲਾਉਂਦੇ ਹਾਂ ਕਿ ਜਦ ਪਵਿੱਤਰ ਆਤਮਾ ਆਇਆ, ਅਸਲੀ ਬੀਜ। ਅਸਲੀ ਜਿਊਦਾਤਾ ਉਸ ਬੀਜ ਦਾ। ਅਤੇ ਇੱਥੇ ਫਿਰ ਦੁਬਾਰਾ ਉਹ ਵਿਰੋਧ ਦਾ ਬੀਜ ਆ ਗਿਆ। ਤੇ ਧਿਆਨ ਦਿਓ ਇਹ ਅਗਾਂਹ ਚੱਲਦਾ ਰਿਹਾ। ਇਹ…

66 ਤੇ ਅਸਲੀ ਵਚਨ ਸਾਬਤ ਕੀਤਾ ਜਾਂ ਚੁੱਕਿਆ ਸੀ। ਉਹ ਪੁਰਾਣੇ ਸਮੇਂ ਦੇ ਨਬੀਆਂ ਨੇ ਵਚਨ ਨੂੰ ਸੱਚਾਈ ਹੋਣ ਦੇ ਲਈ ਪਹਿਲਾਂ ਹੀ ਸਾਬਤ ਕਰ ਵਿਖਾਇਆ ਸੀ ਜਿਦਾਂ ਕਿ ਉਹ ਗਏ ਸਨ। ਜੇ ਕਦੇ ਵੀ ਕਿਸੇ ਨੇ *ਨਿਸਿਆ ਸਭਾ* ਜਾਂ *ਪਰੀ ਨਿਸਿਆ ਸਭਾ* ਦੇ ਬਾਰੇ ਵਿੱਚ ਪੜ੍ਹਿਆ ਹੋਵੇ। ਉਹ ਪੰਦਰਾਂ ਦਿਨ ਖੂਨੀ ਰਾਜਨੀਤੀ ਦੇ। ਜਦ ਉਹ ਰੋਮੀਆਂ ਦਾ ਜੁੰਡਲੀ ਜੱਥਾ ਜਿਹੜਾ ਉੱਥੇ ਸੀ ਤੇ ਉਹ ਅੰਦਰ ਆਣ ਕੇ ਕਲੀਸੀਆ ਦੇ ਵਿੱਚੋਂ ਇੱਕ ਫ਼ਿਰਕਾ ਪ੍ਰਸਤੀ ਨੂੰ ਬਣਾਉਣਾ ਚਾਹੁੰਦਾ ਸੀ। ਨਬੀ ਅੰਦਰ ਆ ਗਏ, ਭੇਡਾਂ ਦੀ ਖੱਲ ਪਾਏ ਹੋਏ, ਸਾਗ ਪੱਤ ਖਾ ਰਹੇ ਸਨ, ਤੇ ਉਸ ਵਚਨ ਦੇ ਲਈ ਖੜ੍ਹੇ ਹਨ! ਪਰ ਇਹਨੇ ਕੀ ਕੀਤਾ? ਇਹਨੇ ਤਾਂ ਕਾਇਨ ਵਰਗੇ ਹੀ ਹੋਣਾ ਸੀ, ਇਹਨੇ ਤਾਂ ਹਾਬਲ ਵਾਂਗ ਹੀ ਹੋਣਾ ਸੀ, ਇੱਕ ਨੇ ਤਾਂ ਮਰਨਾ ਹੀ ਸੀ। ਯਕੀਨਨ, ਇਹ ਤਾਂ ਮਰਿਆ। ਤੇ ਵਚਨ ਨੇ ਆਪਣਾ ਅਸਰ ਲੋਕਾਂ ਦੇ ਦਰਮਿਆਨ ਗਵਾ ਲਿਆ। ਉਹਨਾਂ ਨੇ ਸੱਚੇ ਵਚਨ ਨੂੰ ਬਾਹਰ ਕੱਢ ਦਿੱਤਾ ਤੇ ਆਪਣੇ ਲਈ ਪਹਿਲੀ ਰੋਮਨ ਕੈਥੋਲਿਕ ਕਲੀਸੀਆ ਦੇ ਵਿਰੋਧ ਵਾਲੇ ਮੱਤ ਅਕਿਦੀਆਂ ਤੇ ਸਿਧਾਂਤਾਂ ਨੂੰ ਅਪਣਾ ਲਿਆ। ਉਹਨਾਂ ਨੇ ਪੋਪ ਜਮਾਂ ਕਰ ਦਿੱਤਾ। ਉਹਨਾਂ ਨੇ ਪਤਰਸ ਦਾ ਅਸਲੀ ਮਤਲਬ ਜੋ ਸੀ ਉਹਨੂੰ ਕੱਢ ਦਿੱਤਾ, ਮਰੀਅਮ ਦਾ ਤੇ *ਇਹਨਾਂ* ਦਾ, *ਉਹਨਾਂ* ਦਾ, ਤੇ ਹੋਰ ਬਾਕੀ *ਸਭਨਾਂ* ਦਾ, ਤੇ ਮੂਰਤਾਂ ਬਣਾ ਲਈਆਂ ਤੇ ਹੋਰ ਕੁਝ ਨਹੀਂ ਬਣਾਇਆ ਸਿਵਾਏ ਬੁੱਤਪੂਜਕ

ਰਸਮਾਂ ਦੇ ਜੋ ਉਹਨਾਂ ਨੇ ਅਖੌਤੀ ਜਿਹੇ ਮਸੀਹੀ ਧਰਮ ਵਿੱਚੋਂ ਬਣਾ ਲਈਆਂ। ਇਹ ਕੀ ਸੀ? ਵਿਰੋਧ ਦਾ ਬੀਜ। ਤੇ ਇਹਨੂੰ ਜਥੇਬੰਦ ਕਰ ਲਿਆ। ਜੱਥੇਬੰਦ ਕਰ ਲਿਆ, ਧਰਤੀ ਉੱਤੇ ਪਹਿਲੀ ਵਾਰ ਕੋਈ ਕਲੀਸੀਆ ਜੱਥੇਬੰਦ ਹੋਈ। ਇਹ ਕੀ ਸੀ? ਉਹ ਵਿਰੋਧ ਦਾ ਬੀਜ ਜਿਹੜਾ ਕਿ ਬੀਜਣਾ ਆਰੰਭ ਹੋਇਆ, ਕੁਝ ਇਹਦੇ ਵਿੱਚ ਜਮਾਂ ਕਰਨਾ ਤੇ ਕੁਝ ਘਟਾਉਣਾ।

67 ਜਿਹਨੇ ਵੀ ਸ਼ੁੱਕਰਵਾਰ ਮਾਸ ਨਾ ਖਾਣ ਦੇ ਬਾਰੇ ਵਿੱਚ ਬਾਈਬਲ ਦੇ ਅੰਦਰ ਸੁਣਿਆ ਹੋਵੇ, ਜਿਹਨੇ ਵੀ ਬਾਈਬਲ ਦੇ ਅੰਦਰ ਬਪਤੀਸਮੇ ਦੀ ਥਾਂ ਤੇ ਜੋ ਕਿ ਡੁਬਦੀ ਦਾ ਹੈ, ਛਿੱਟੇ ਦੇ ਬਾਰੇ ਸੁਣਿਆ ਹੋਵੇ। ਜਿਨ੍ਹਾਂ ਨੇ ਵੀ ਹੇਲ ਮੇਰੀ ਭਾਵ “ਧੰਨ ਹੈ, ਮਰੀਅਮ ਤੂੰ” ਵਗੈਰਾ ਚੀਜਾਂ ਨੂੰ ਸੁਣਿਆ ਹੋਵੇ। ਜਿਹਨਾਂ ਨੇ ਵੀ ਇਹਨਾਂ ਪਰੋਟੈਸਟਾਂ ਦੇ ਇਸ ਗਲੇ ਸੜੇ ਗੰਦ ਮੰਦ ਨੂੰ ਵੀ ਸੁਣਿਆ ਹੋਵੇ। ਭਾਂਡਾ ਕੇਤਲੀ ਨੂੰ ਥਿੰਦਾ ਨਹੀਂ ਆਖ ਸਕਦਾ ਹੈ। ਠੀਕ ਹੈ। ਬਸ ਥੋੜੇ ਜਿਹੇ ਦਾ ਦੋਸ਼ੀ ਸਾਰੇ ਦਾ ਹੀ ਦੋਸ਼ੀ ਹੈ। ਜਿਹਨੇ ਵੀ ਇਹ ਸੁਣਿਆ ਹੋਵੇ ਕਿ ਕੀ ਕਦੇ ਖੁਦਾ ਨੇ ਕਿਸੇ ਜਥੇਬੰਦੀ ਨੂੰ ਵਰਤਿਆ ਹੋਵੇ? ਮੈਨੂੰ ਵਿਖਾਓ ਕਿ ਕਦੇ ਇੱਕ ਵੀ ਵਾਰੀ ਜੇ ਇੱਕ ਵੀ ਜਥੇਬੰਦੀ ਕਦੇ ਜਿਉਂਦੀ ਰਹੀ ਹੋਵੇ। ਉਹ ਉਦੋਂ ਹੀ ਮਰ ਗਏ ਅਤੇ ਉਹਦੇ ਬਾਅਦ ਕਦੇ ਵੀ ਨਹੀਂ ਉੱਠੇ। ਇਹ ਉਹ ਸਮਾਂ ਹੈ ਜਦ ਕਿ ਕਿਸੇ ਚੀਜ ਨੇ ਵਾਪਰਨਾ ਹੈ। ਇਹ ਖੁਦਾ ਦੇ ਲਈ ਹਿੱਲਣ ਜੁਲਣ ਦਾ ਸਮਾਂ ਹੈ। ਤੁਸੀਂ ਲੋਕਾਂ ਦੇ ਵਿਚਕਾਏ ਅਸਰ ਨੂੰ ਮਾਰ ਦਿੰਦੇ ਹੋ।

68 ਅੱਜ ਵੀ ਉਹੋ ਹੀ ਚੀਜ ਕੀਤੀ ਗਈ ਹੈ। ਉਹ ਅਸਰ ਨੂੰ ਮਾਰਦੇ ਹਨ। ਆਖਦੇ ਹਨ, “ਔਹ, ਉਹ ਹੱਠਧਰਮੀਆਂ ਦੇ ਜੱਥਾ, ਉਹਨਾਂ ਦੇ ਬਾਰੇ ਵਿੱਚ ਤਾਂ ਕੁਝ ਵੀ ਨਹੀਂ ਹੈ”। ਅਤੇ ਕਿਉਂ ਨਹੀਂ, ਇਹ ਤਾਂ ਵਿਰੋਧ ਦਾ ਬੀਜ ਹੈ! ਵਚਨ ਦਾ ਆਹਮਣਾ ਸਾਹਮਣਾ ਕਰੋ, ਅਤੇ ਵੇਖੋ ਇਹ ਕੀ ਹੈ? ਤੇ ਫਿਰ ਵੇਖੋ ਕਿ ਖੁਦਾ ਆਪਣੇ ਹੀ ਵਚਨ ਦਾ ਅਨੁਵਾਦ ਕਰਦਾ ਹੈ ਕਿ ਨਹੀਂ। ਖੁਦਾ ਇਹਨਾਂ ਪੱਥਰਾਂ ਦੇ ਵਿੱਚੋਂ ਅਬਰਾਹਾਮ ਦੇ ਲਈ ਸੰਤਾਨ ਪੈਦਾ ਕਰ ਸਕਦਾ ਹੈ।

69 ਤੇ ਵਚਨ ਪੂਰੇ ਤੌਰ ਨਾਲ ਉਹਨਾਂ ਪਹਿਲੀ ਸਦੀ ਦੇ ਮਸੀਹੀ ਲੋਕਾਂ ਦੇ ਦੁਆਰਾ ਪੂਰੀ ਤਰ੍ਹਾਂ ਨਾਲ ਸਾਬਤ ਕੀਤਾ ਗਿਆ ਹੈ। ਕਿੰਝ ਖੁਦਾ ਨੇ ਉਹਨਾਂ ਨੂੰ ਹਰੇਕ ਚੀਜ ਦੇ ਕੋਲੋਂ ਛੁਡਾਇਆ ਤੇ ਬਿਮਾਰੀਆਂ ਤੋਂ, ਉਹਨਾਂ ਦੇ ਕੋਲ ਨਬੀ ਸਨ, ਉਹਨਾਂ ਨੇ ਗੈਰਜੂਬਾਨਾਂ ਬੋਲੀਆਂ। ਅਨੁਵਾਦ ਕੀਤਾ, ਅਤੇ ਸੰਦੇਸ਼ ਦਿੱਤੇ ਜੋ ਕਿ ਹਰ ਵਾਰੀ ਹੀ ਸੱਚ ਸਾਬਤ ਹੋਏ। ਪਰ ਉਹ ਸਭ ਸਾਬਤ ਕੀਤੇ ਹੋਏ। ਪਰ ਉਸ ਸਭ ਸਾਬਤ ਕੀਤੇ ਹੋਏ ਵਚਨ ਦੇ ਸਾਹਮਣੇ ਵੀ, ਲੋਕਾਂ ਨੇ ਇਸ ਵਚਨ ਨੂੰ ਬਾਹਰ ਕੱਢ ਦਿੱਤਾ। ਤੇ ਇੱਕ ਫ਼ਿਰਕਾ ਪ੍ਰਸਤੀ ਦੇ ਲਈ ਵੋਟਾਂ ਪਾ ਦਿੱਤੀਆਂ। ਉਹ ਸਭ ਜਥੇਬੰਦੀਆਂ ਦੀ ਮਾਂ ਹੈ।

70 ਹੁਣ ਦੋਵੇਂ ਹੀ ਪੱਕ ਗਏ ਹਨ। ਉਹਨੇ ਫਿਰ ਦੁਬਾਰਾ ਦਾਣੇ ਕੱਢਦੇ ਆਰੰਭ ਕਰ ਦਿੱਤੇ ਸਨ। ਇਹ ਮਰ ਗਏ ਸਨ, ਪਰ ਲੂਥਰ ਦੇ ਦਿਨਾਂ ਵਿੱਚ ਇਹ ਫਿਰ ਖਿੜ ਆਏ ਹਨ। ਜਿਦਾਂ ਕਿ ਅਸੀਂ ਇੱਥੇ ਸਵੇਰ ਦੇ ਨਾਸ਼ਤੇ ਦੇ ਉੱਤੇ ਦਿੱਤੇ ਗਏ ਪਿਛਲੇ ਸੰਦੇਸ਼ ਤੋਂ ਜਾਣਦੇ ਹਾਂ। ਲੂਥਰ ਦੇ ਦਿਨਾਂ ਵਿੱਚ ਇਹ ਫੇਰ ਖਿੜ ਆਏ ਸਨ ਤੇ ਹੁਣ ਉਹਨਾਂ ਨੇ ਕੀ ਕੀਤਾ? ਅਤੇ ਤੁਰੰਤ ਹੀ ਉਹਦੇ ਬਾਅਦ ਉਹ ਮਹਾਨ ਆਦਮੀ ਅਕਾਲ ਚਲਾਣਾ ਕਰ ਗਿਆ। ਉਹਨਾਂ ਨੇ ਇੱਕ ਜਥੇਬੰਦੀ ਬਣਾ ਲਈ।

71 ਇਹ ਮੁਰਝਾ ਗਈ ਤੇ ਫਿਰ ਜੋਹਨ ਵੈਸਲੀ ਦੇ ਦਿਨੀਂ। ਜਦ ਉਹ ਐਂਗਲੀ ਕਨਜ ਆਪਣੀਆਂ ਸਾਰੀਆਂ ਸਦੀਪਕ ਸੁਰੱਖਿਆਵਾਂ ਦੇ ਨਾਲ। ਹਰੇਕ ਚੀਜ ਨੇ ਇਹਨਾਂ ਨੂੰ ਇੱਕ ਅਜਿਹੀ ਥਾਂ ਵਿੱਚ ਬੰਨ ਦਿੱਤਾ ਸੀ ਜੋ ਕਿ ਤਕਰੀਬਨ ਵਿਸ਼ਵਵਿਆਪਕ ਸੀ, ਅਤੇ ਕੀ ਹੋਇਆ? ਖੁਦਾ ਨੇ ਇੱਕ ਅਜਿਹਾ ਆਦਮੀ ਉਠਾ ਖੜ੍ਹਾ ਕੀਤਾ ਜਿਹਦਾ ਨਾਮ ਜੋਹਨ ਵੈਸਲੀ ਸੀ ਤੇ ਉਹਨੇ ਇਸ ਸਾਰੀ ਚੀਜ ਨੂੰ ਜਬਾਹ ਕਰ ਕੇ ਰੱਖ ਦਿੱਤਾ। ਤੇ ਜਿਦਾਂ ਹੀ ਜੋਹਨ ਵੈਸਲੀ, ਐਸਬਰੀ ਤੇ ਉਹ ਸਭ ਅਕਾਲ ਚਲਾਣਾ ਕਰ ਗਏ, ਕੀ ਹੋਇਆ? ਉਹਨਾਂ ਨੇ ਜਥੇਬੰਦੀ ਬਣਾ ਲਈ ਤੇ ਹੁਣ ਤੁਹਾਡੇ ਕੋਲ ਹਰ ਕਿਸਮ ਦੇ ਮੈਥੋਡਿਸਟ ਹਨ। ਤੇ ਉਹਦੇ ਬਾਅਦ ਇੱਕ ਜਾਂ ਹੋਰ ਕੋਈ ਆ ਗਏ, ਅਲੈਗਜੈਂਡਰ ਕੈਂਪਬਿਲ, ਜੋਹਨ ਸਮਿੱਥ ਤੇ ਹੋਰ ਸਭ।

72 ਅੰਤ ਵਿੱਚ ਪੈਂਤੀਕੁਸਤ ਫੈਲ ਗਿਆ, ਜੋ ਕਿ ਇਹਨਾਂ ਸਭਨਾਂ ਹੀ ਜਥੇਬੰਦੀਆਂ ਦੇ ਵਿੱਚੋਂ ਦੀ ਨਿਕਲ ਗਏ ਹਨ। ਤਦ ਕੀ ਹੋਇਆ, ਉਹ ਚੰਗੀ ਤਰ੍ਹਾਂ ਚਲੇ, ਤੁਹਾਨੂੰ ਕਿਹਨੇ ਰੋਕਿਆ। ਤੁਸੀਂ ਵਾਪਿਸ ਹੀ ਉਸ ਚਿੱਕੜ ਖੋਬੇ ਵਿੱਚ ਚਲੇ ਗਏ ਜਿਹਦੇ ਵਿੱਚੋਂ ਤੁਸੀਂ ਨਿਕਲ ਕੇ ਆਏ ਸੀ। ਤੇ ਫਿਰ ਉਸੇ ਹੀ ਦਲਦਲ ਵਿੱਚ ਚਲੇ ਗਏ। ਵਾਪਿਸ ਵਿਰੋਧਤਾ ਵਿੱਚ ਚਲੇ ਗਏ, ਤੇ ਜਥੇਬੰਦੀਆਂ ਬਣਾਉਣ ਦੇ ਲਈ ਚਲੇ ਗਏ। ਤੁਹਾਨੂੰ ਵਚਨ ਦੇ ਉੱਤੇ ਸਮਝੋਤਾ ਕਰਨਾ ਪਿਆ। ਹਰ ਵਾਰੀ ਜਦ ਖੁਦਾ ਕੋਈ ਨਵੀਂ ਚੀਜ ਘੱਲਦਾ ਸੀ, ਤੁਸੀਂ ਉਹਨੂੰ ਕਬੂਲ ਨਹੀਂ ਸੀ ਕਰ ਸਕਦੇ। ਇਹ ਠੀਕ ਹੈ! ਫਿਰ ਵਿਰੋਧ ਦਾ ਬੀਜ! ਅਤੇ ਧਿਆਨ ਦਿਓ ਜਿਦਾਂ ਕਿ ਮੈਂ ਉਸ ਦਿਨ ਆਖਿਆ ਸੀ, ਕਿ ਪਹਿਲੀ ਜਿਹਦੀ ਛੋਟੀ ਜਿਹੀ ਕਰੂੰਬਲ ਇਸ ਜਦ ਵਿੱਚੋਂ ਫੁੱਟ ਨਿਕਲੀ। ਉਹ ਉਤਾਂਹ ਪੱਤਿਆਂ ਵਿੱਚ ਆ ਗਈ, ਕੱਲੀਆਂ ਅਤੇ ਪੱਤੀਆਂ ਵਿੱਚ ਆ ਗਈ, ਤੇ ਫਿਰ ਤਵੇ ਵਿੱਚ ਆ ਗਈ, ਤੇ ਫਿਰ ਬਾਹਰ ਆਉਂਦੀ ਹੈ। ਤੇ ਉਹ ਕਣਕ ਦੇ ਉੱਤਲਾ ਖੋਲ ਜਾਂ ਤੋਂਹ ਤੇ ਉਹ ਲੱਗਭਗ ਦਾਣੇ ਵਰਗਾ ਹੀ ਜਾਪਦਾ ਹੈ, ਅਤੇ ਅਸੀਂ ਵੀ ਸੋਚਿਆ ਸੀ ਕਿ ਇਹ ਹੈ। ਪਰ ਜਦ ਤੁਸੀਂ ਇਹਨੂੰ ਖੋਲਦੇ ਹੋ, ਪਰ ਉਸ ਖੋਲ ਵਿੱਚ ਜਾਂ ਤੋਂਹ ਵਿੱਚ ਕੋਈ ਦਾਣਾ ਨਹੀ ਹੁੰਦਾ। ਇਹ ਤਾਂ ਦਾਣੇ ਨੂੰ ਵਧਣ ਫੁੱਲਣ ਦੇ ਲਈ ਇੱਕ

ਸਹਾਰਾ ਹੁੰਦਾ ਹੈ। ਅਤੇ ਇਹ ਸਹਾਰਾ ਵੀ ਮਰ ਜਾਂਦਾ ਹੈ, ਤੇ ਜਿਉਂਣ ਠੀਕ ਇਹਦੇ ਵਿੱਚੋਂ ਬਾਹਰ ਨਿਕਲ ਕੇ ਚਲਿਆ ਦਾ ਹੈ, ਤੇ ਦਾਣੇ ਵਿੱਚ ਚਲਿਆ ਜਾਂਦਾ ਹੈ। ਧਿਆਨ ਦਿਓ ਕਿ ਉਹ ਕਲਿਸਿਆਵਾਂ ਨੂੰ ਉਦਾਂ ਦਾ ਬੀਜਿਆ ਹੋਇਆ ਆਖਦੇ ਹਨ।

73 ਅੱਜ ਅਸੀਂ ਪਤਾ ਲਾਉਂਦੇ ਹਾਂ ਕਿ ਸਾਡੇ ਅਖਾਉਤੀ ਜਿਹੇ ਗਿਰਜੇ ਐਥੋਂ ਤਕ ਕਿ ਸਾਡੇ ਪੈਂਤੀਕੁਸਤੀਏ ਵੀ। ਅਸੀਂ ਬਾਹਰ ਨਿਕਲ ਗਏ, ਅਸੀਂ ਸੰਤੁਸ਼ਟ ਨਹੀਂ ਸੀ ਕੀਤੇ ਜਾ ਸਕਦੇ। ਸਾਨੂੰ ਤਾਂ ਆਪਣੇ ਹੀ ਜੱਥੇ ਬਣਾਉਣੇ ਪਏ। ਹਰੇਕ ਚੀਜ ਉਤਾਂਹ ਆ ਗਈ, ਸਾਡੇ ਕੋਲ *ਇਹ* ਹੋਣਾ ਚਾਹੀਦਾ ਹੈ, ਸਾਡੇ ਕੋਲ *ਉਹ* ਹੋਣਾ ਚਾਹੀਦਾ ਹੈ। ਸਾਨੂੰ ਇੱਕ ਹੋਰ ਜੱਥਾ ਤਿਆਰ ਕਰਨਾ ਚਾਹੀਦਾ ਹੈ। ਤੇ ਇਹ ਆਦਮੀ ਉਠ ਖਲੋਤਾ, ਅਤੇ ਆਖਿਆ, “ਇਹ ਚਿੱਟੇ ਬਦਲ ਉੱਤੇ ਆ ਰਿਹਾ ਹੈ”। ਤੇ ਦੂਜੇ ਨੇ ਆਖਿਆ, “ਹੂਹੂ, ਉਹ ਤਾਂ ਚਿੱਟੇ ਘੋੜੇ ਤੇ ਆ ਰਿਹਾ ਹੈ”। ਠੀਕ ਹੈ, ਅਸੀਂ ਦੋ ਜਥੇ ਬਣਾਵਾਂਗੇ। ਸਮਝੇ। ਇਹ ਕੀ ਹੈ? ਵਿਰੋਧ ਦਾ ਬੀਜ ਬੀਜਣਾ। ਜਦ ਉਹ ਆਵੇਗਾ, ਜੋ ਕੁਝ ਵੀ ਹੈ, ਉਹ ਆਪਣੇ ਹੀ ਵਚਨ ਦਾ ਆਪ ਅਨੁਵਾਦ ਕਰੇਗਾ ਜਦ ਉਹ ਆਵੇਗਾ। ਆਓ ਉਸ ਸਮੇਂ ਤਕ ਉਡੀਕ ਕਰੀਏ। ਪਕੜੋ...ਉਹਦੇ ਬਾਰੇ ਵਿੱਚ ਗੱਲਬਾਤ ਕਰਦੇ ਹੋ, ਤੁਹਾਨੂੰ ਤਾਂ ਸਮੇਂ ਦਾ ਸੰਦੇਸ਼ ਵੀ ਸਮਝ ਵਿੱਚ ਨਹੀਂ ਆਉਂਦਾ ਹੈ। ਹਮੇਸ਼ਾ ਹੀ ਉੱਪਰ ਨੂੰ ਇਸ਼ਾਰਾ ਕਰਦੇ ਹੋ ਕਿ ਖੁਦਾ ਕਰੇਗਾ, ਜਾਣ ਉਹਨੇ ਭੂਤਕਾਲ ਵਿੱਚ ਕੀ ਕੀਤਾ ਹੈ, ਤੇ ਇਹਨੂੰ ਅੱਖੋਂ ਉਹਲੇ ਕਰਦੇ ਹੋ ਕਿ ਉਹ ਕੀ ਕਰ ਰਿਹਾ ਹੈ। ਇਹੋ ਹੀ ਉਹ ਤਰੀਕਾ ਹੈ ਜਿਹਦੇ ਨਾਲ ਕਿ ਵਿਰੋਧਤਾ ਅੰਦਰ ਆ ਜਾਂਦੀਆਂ ਹਨ।

74 ਹੁਣ ਅਸੀਂ ਧਿਆਨ ਦਿੰਦੇ ਹਾਂ ਅੱਜ ਸਾਡੇ ਗਿਰਜੇ। ਸਾਡੇ ਗਿਰਜਿਆਂ ਨੇ ਹਵਾਵਾਂ ਬੀਜੀਆਂ ਹਨ ਤੇ ਉਹ ਵਾਵਰੋਲਾ ਵੱਢ ਰਹੇ ਹਨ। ਅੱਜ ਅਸੀਂ ਪ੍ਰਾਰਥਨਾਵਾਂ ਸਭਾਵਾਂ ਨਹੀਂ ਲਾਉਂਦੇ ਹਾਂ, ਤੇ ਨਾ ਹੀ ਉਹ ਬੰਦਗੀਆਂ ਹੀ ਕਰਦੇ ਹਾਂ ਜੋ ਕਿ ਅਸੀਂ ਕਰਦੇ ਹੁੰਦੇ ਸਾਂ। ਕੀ ਗੱਲ ਹੈ। ਅਸੀਂ ਹਰੇਕ ਚੀਜ ਨੂੰ ਢਿੱਲ ਦੇ ਛੱਡੀ ਹੈ। ਧਿਆਨ ਦਿਓ, ਐਥੋਂ ਤੋੜੀ ਕਿ ਸਾਡੇ ਪੈਂਤੀਕੁਸਤੀਏ ਗਿਰਜੇ, ਉਹ ਬੌਂਦੇ ਕਟਾਈਆਂ ਹੋਈਆਂ ਔਰਤਾਂ ਭਰੀਆਂ ਪਈਆਂ ਹਨ, ਜੋ ਕਿ ਪਹਿਲਾਂ ਇੰਝ ਕਰਨ ਦੀ ਆਗਿਆ ਨਹੀਂ ਸੀ ਦਿੱਤੀ ਜਾਂਦੀ। ਮੂੰਹ ਰੰਗੇ ਹੋਏ, ਹੱਥਾਂ ਨੂੰ ਨੌਹ ਪਾਲਸ਼ ਲੱਗੀ ਹੋਈ ਤੇ ਏਦਾਂ ਦੀ ਕਿਸਮ ਦਾ ਸਭ ਕੁਝ। ਇੱਥੋਂ ਕੋਈ ਆਦਮੀ ਲਓ...ਜਿਦਾਂ ਕਿ ਉਹ ਵਾਹਯਾਤ ਜਿਹੇ ਲੋਕ, ਅਤੇ ਹੋਰ ਹੋਰ, ਜਿਹਨਾਂ ਨੇ ਤਿੰਨ ਜਾਂ ਚਾਰ ਵਾਰੀਂ ਵਿਆਹ ਕੀਤਾ ਹੋਇਆ ਹੈ, ਅਤੇ ਡਿਕਨਜ; ਔਹ, ਕਿਹੋ ਜਿਹੀ ਵਿਰੋਧਤਾ ਹੈ। ਇਹ ਤਾਂ ਗੰਦ ਮੰਦ ਹੈ। ਉਹ ਕਿੱਦਾਂ ਇੰਝ ਕਰਦੇ ਹਾਂ? ਖੁਦਾ ਤਾਂ ਆਪਣੀ ਕਲੀਸੀਆ ਵਿੱਚ ਇਹ ਸਭ ਕੁਝ ਨਹੀਂ ਰੱਖੇਗਾ, ਉਹਨਾਂ ਨੂੰ ਇਹਦੇ ਅੰਦਰ ਜਾਣ ਦੇ ਲਈ ਇੱਕ ਜਥੇਬੰਦੀ ਦੇ ਵਿੱਚ ਜਾਣਾ ਪਵੇਗਾ। ਤੇ ਕੋਈ ਇਹਦੇ

ਬਾਰੇ ਵਿੱਚ ਕੁਝ ਕਹਿਣ ਦੇ ਲਈ ਡਰਦਾ ਹੈ ਕਿਉਂਕਿ ਉਹਨਾਂ ਨੂੰ ਜਥੇਬੰਦੀ ਦੇ ਵਿੱਚ ਠੁੜ ਮਾਰ ਕੇ ਬਾਹਰ ਕੱਢ ਦਿੱਤਾ ਜਾਵੇਗਾ। ਖੁਦਾਇਆ ਸਾਨੂੰ ਅੱਜ ਅਜਿਹਾ ਆਦਮੀ ਬਖਸ਼ ਜੋ ਕਿ ਕਿਸੇ ਦੇ ਨਾਲ ਸੰਬੰਧਿਤ ਨਹੀਂ ਹੈ ਪਰ ਜੋ ਖੁਦਾ ਤੇ ਉਹਦੇ ਪਾਕ ਕਲਾਮ ਦੇ ਨਾਲ ਹੀ ਜੁੜਿਆ ਹੋਇਆ ਹੈ, ਜੋ ਕਿ ਇਹਦੇ ਬਾਰੇ ਵਿੱਚ ਸੱਚਾਈ ਹੀ ਕਹੇਗਾ। ਬਿਲਕੁਲ ਠੀਕ ਇਹੋ ਹੀ ਕੁਝ ਸਾਨੂੰ ਚਾਹੀਦਾ ਹੈ, ਅਸੀਂ ਕੀ ਕੀਤਾ ਹੈ? ਵਿਰੋਧ ਦਾ ਬੀਜ ਬੀਜ ਦਿੱਤਾ ਹੈ। ਅਸੀਂ ਹਵਾਵਾਂ ਬੀਜ ਦਿੱਤੀਆਂ ਹਨ, ਤੇ ਹੁਣ ਅਸੀਂ ਵਵਰੋਲੇ ਵੱਢ ਰਹੇ ਹਾਂ।

75 ਧਿਆਨ ਦਿਓ ਉਹ ਹੁਣ ਫੂਕੇ ਜਾਣ ਦੇ ਲਈ ਇਕੱਠੇ ਕਿਤੇ ਜਾ ਰਹੇ ਹਨ। ਕੀ ਤੁਸੀਂ ਧਿਆਨ ਦਿੱਤਾ, ਯਿਸੂ ਨੇ ਆਖਿਆ, “ਪਹਿਲਾਂ ਉਹਨਾਂ ਨੂੰ ਇਕੱਠਾ ਕਰੋ। ਉਹਨਾਂ ਦੀਆਂ ਪੂਲੀਆਂ ਬੰਨੋਂ ਤੇ ਫਿਰ ਉਹ ਸਭ ਪੂਲੀਆਂ ਇੱਕ ਢੇਰ ਵਿੱਚ ਰੱਖ ਦਿਓ ਤੇ ਮੈਂ ਉਹਨਾਂ ਨੂੰ ਫੂਕ ਸੁੱਟਾਂਗਾ”। ਇੱਕ ਛੋਟੀ ਪੂਲੀ ਹੈ ਜੋ ਕਿ ਮੈਥੋਡਿਸਤ, ਬੈਪਟਿਸਟ, ਪ੍ਰੈਸਬਿਟੇਰਿਨ, ਲੂਥਰਨ ਅਖਵਾਉਂਦੀ ਹੈ। ਤੇ ਉਹ ਸਭ ਗਿਰਜਿਆਂ ਦੀ ਵਿਸ਼ਵ ਵਿਆਪਕ ਸਭ ਵਿੱਚ ਇਕੱਠੇ ਹੋ ਰਹੇ ਹਨ। ਇਹ ਕੀ ਹੈ? ਉਹਨਾਂ ਨੂੰ ਪਹਿਲਾਂ ਇਕੱਠੇ ਕਰੋ। ਹਾਲੇਲੂਯਾਹ। ਕੀ ਤੁਸੀਂ ਧਿਆਨ ਦਿੱਤਾ, ਉਹ ਜੰਗਲੀ ਬੂਟੀ ਨੂੰ ਪਹਿਲਾਂ ਇਕੱਠਾ ਕਰਦਾ ਹੈ। ਕਣਕ ਤੋਂ ਉਹਨਾਂ ਨੂੰ ਦੂਰ ਲੈ ਜਾਂਦਾ ਹੈ, ਉਹਨਾਂ ਨੂੰ ਵੱਖ ਕਰਦਾ ਹੈ। “ਉਹਨਾਂ ਨੂੰ ਇਕੱਠਿਆਂ ਕਰਕੇ ਫੂਕ ਸੁੱਟਦਾ ਹੈ”। ਉਹ ਸਭ ਖੁਦਾ ਦੇ ਨਿਆਂ ਦੇ ਨਾਲ ਫੂਕੇ ਜਾਣਗੇ। ਲੋਕਾਂ ਦੇ ਵਿੱਚ ਵਿਰੋਧਤਾ ਦਾ ਬੀਜ ਬੀਜਣ ਦੇ ਕਾਰਣ। ਚੀਜਾਂ ਜੋ ਕਿ ਉਹ... ਭਗਤੀ ਦਾ ਰੂਪ ਧਾਰ ਕੇ ਉਹਦੀ ਸ਼ਕਤੀ ਦੀ ਇਨਕਾਰੀ, ਬਸ ਕੁਝ ਧਾਰਮਿਕ ਰਸਮਾਂ ਰਿਵਾਜਾਂ ਨੂੰ ਫੜੀ ਰੱਖਦੇ ਹਨ। ਕੋਈ ਮੱਤ ਸਿਧਾਂਤ ਅੱਕੀਦਾ ਜਿਹੜਾ ਕਿ ਕਿਸੇ ਅੰਦਰ ਲਿਆਂਦਾ ਹੋਵੇ, ਉਹ ਵਚਨ ਦੇ ਅੰਦਰ ਇਹਦਾ ਟੀਕਾ ਲਾਉਣ ਦਾ ਯਤਨ ਕਰਦੇ ਹਨ। ਇਹ ਤਾਂ ਕਾਮਯਾਬ ਨਹੀਂ ਹੋਵੇਗਾ। ਇਹ ਵਿਰੋਧਤਾ ਹੈ।

76 ਮੈਂ ਬਹੁਤ ਪੁਰਾਣੇ ਸਮੇਂ ਦੇ ਲਈ ਅਮੋਸ ਵਾਂਗ ਹੀ ਅੱਜ ਚੀਕਦਾ ਹਾਂ। ਜਦ ਉਹ ਉਸ ਸ਼ਹਿਰ ਵਿੱਚ ਆਇਆ, ਉਹਨੇ ਆਖਿਆ, “ਮੈਂ ਇੱਕ ਨਬੀ ਨਹੀਂ ਹਾਂ, ਤੇ ਨਾ ਹੀ ਨਬੀ ਦਾ ਪੁੱਤਰ। ਉਹਨੇ ਆਖਿਆ ਜੇ ਸ਼ੇਰ ਗਰਜਦਾ ਹੈ ਤਾਂ ਕੌਣ ਭਵਿੱਖਬਾਣੀ ਨਾ ਕਰੇਗਾ?” ਉਹਨੇ ਉਸ ਪੀੜੀ ਦੇ ਉੱਤੇ ਨਿਆਂ ਦਾ ਅਗੰਮ ਵਾਚ ਦਿੱਤਾ। ਅਤੇ ਆਖਿਆ, “ਉਹ ਹੀ ਖੁਦਾ ਜਿਹਦੀ ਤੁਸੀਂ ਉਪਾਸਨਾ ਕਰਦੇ ਹੋ ਤੁਹਾਨੂੰ ਨਾਸ਼ ਕਰੇਗਾ”।

77 ਤੁਸੀਂ ਇਹਨੂੰ ਵਜਾਓ। ਇਹ ਟੇਪ ਕੀਤਾ ਜਾ ਚੁੱਕਿਆ ਹੈ। ਅਤੇ ਤੁਸੀਂ ਯਾਦ ਕਰੋ। ਉਹੋ ਹੀ ਖੁਦਾ...ਇਹ ਲੋਕ ਜਿਹਦੇ ਕਿ ਹੁਣ ਇਸ ਵੱਡੀ ਫਸਲ ਨੂੰ ਇਕੱਠਾ ਕਰ ਰਹੇ ਹਨ ਜੋ ਕਿ ਵਿਸ਼ਵ ਵਿਆਪੀ ਗਿਰਜਿਆਂ ਦੀ ਸਭਾ ਹੈ।

ਤੁਹਾਨੂੰ ਇਸ ਵਿੱਚ ਸ਼ਾਮਲ ਹੋਣਾ ਹੀ ਪਵੇਗਾ। ਤੁਸੀਂ ਇਹਦੇ ਤੋਂ ਬਾਹਰ ਨਹੀਂ ਰਹਿ ਸਕਦੇ। ਜਾਂ ਤਾਂ ਤੁਸੀਂ ਇਸ ਵਿੱਚੋਂ ਇਕੱਲੇ ਇਕੱਲੇ ਬਾਹਰ ਆ ਜਾਓਗੇ, ਨਹੀਂ ਤਾਂ ਤੁਸੀਂ ਇਹਦੇ ਅੰਦਰ ਸ਼ਾਮਲ ਹੋ ਜਾਓਗੇ। ਉੱਥੇ ਕੋਈ ਵਿਚਕਾਏ ਦਾ ਆਧਾਰ ਨਹੀਂ ਹੋਵੇਗਾ। ਇਹ ਤਾਂ ਦਰਿੰਦੇ ਦਾ ਨਿਸ਼ਾਨ ਹੋਵੇਗਾ। ਕੋਈ ਵੀ ਆਦਮੀ ਵੇਚ ਜਾਂ ਖਰੀਦ ਨਹੀਂ ਸਕਦਾ ਹੈ ਉਹਦੇ ਤੋਂ ਛੁੱਟ ਜਿਹਦੇ ਉੱਤੇ ਨਿਸ਼ਾਨ ਲੱਗਾ ਹੋਇਆ ਹੈ। ਜਾਂ ਜਿਹਦੇ ਕੋਲ ਵਿਰੋਧ ਦਾ ਬੀਜ ਹੈ। ਹੁਣ ਇਹਦੇ ਤੋਂ ਦੂਰ ਰਹੋ! ਇਹਦੇ ਤੋਂ ਦੂਰ ਰਹੋ! ਇਸ ਤੋਂ ਚਲੇ ਜੋ! ਇਹਦੇ ਤੋਂ ਦੂਰ ਰਹੋ! ਉਹ ਖੁਦਾ ਜਿਹਦੀ ਉਹ ਸੇਵਾ ਕਰਨ ਦਾ ਦਾਵਾ ਕਰ ਰਹੇ ਹਨ ਉਹ ਉਹਨਾਂ ਦਾ ਨਾਸ਼ ਕਰ ਦੇਵੇਗਾ। ਪਿਆਰ ਦਾ ਉਹ ਮਹਾਨ ਖੁਦਾ। ਕੌਣ ਨਹੀਂ ਕਰੇਗਾ...

ਉਹ ਆਖਦੇ ਹਨ, "ਠੀਕ ਹੈ, ਭਈ ਯਿਸੂ ਨੇ ਪ੍ਰਾਰਥਨਾ ਕੀਤੀ ਸੀ ਅਸੀਂ ਸਭ ਇੱਕ ਹੋਈਏ"।

78 ਤਦ ਉਹਨੇ ਇਹ ਵੀ ਆਖਿਆ ਹੈ, "ਤੁਸੀਂ ਕਿਵੇਂ ਇਕੱਠੇ ਚੱਲ ਸਕਦੇ ਹੋ, ਦੋ ਜਣੇ ਕਿਵੇਂ ਇਕੱਠੇ ਚੱਲ ਸਕਦੇ ਹਨ, ਜਦ ਤਕ ਕਿ ਉਹ ਸਹਿਮਤ ਨਾ ਹੋਣ?" ਉਹਨੇ ਕਿਹਾ ਕਿ "ਇੱਕ," ਜਿਵੇਂ ਕਿ ਉਹ ਅਤੇ ਉਹਦਾ ਪਿਤਾ ਇੱਕ ਹੈ। ਅਤੇ ਪਿਤਾ ਵਚਨ ਸੀ, ਤੇ ਉਹ ਵੀ ਵਚਨ ਸੀ ਜੋ ਪ੍ਰਗਟ ਕੀਤਾ ਗਿਆ ਸੀ। ਉਹ ਪਿਤਾ ਦੇ ਨਾਲ "ਇੱਕ" ਸੀ, ਕਿਉਂਕਿ ਉਹ ਖੁਦਾ ਦੇ ਵਾਇਦੇ ਕੀਤੇ ਹੋਏ ਵਚਨ ਦਾ ਪ੍ਰਗਟਾਵਾ ਸੀ। ਅਤੇ ਇਹੋ ਕੁਝ ਹੀ ਅੱਜ ਵੀ ਹੈ, ਜਾਂ ਕਿਸੇ ਹੋਰ ਦਿਨ ਸੀ। ਹਾਂ, ਸ਼੍ਰੀਮਾਨ ਜੀ। ਉਹ ਖੁਦਾ ਇੱਕ ਹੈ। ਉਹ ਸਾਨੂੰ ਵੀ ਇੱਕ ਹੀ ਚਾਹੁੰਦਾ ਹੈ।

79 ਇਹ ਕਿਵੇਂ *ਇੱਕ* ਹੋ ਸਕਦਾ ਹੈ, *ਇਹ* ਤਾਂ ਕੁੰਵਾਰੀ ਦੇ ਜਨਮ ਦਾ ਇੰਨਕਾਰ ਕਰਦੇ ਹਨ। ਦੂਜੇ ਕੁੰਵਾਰੀ ਦਾ ਜਨਮ ਤਾਂ ਮੰਨਦੇ ਹਨ, ਪਰ ਰੱਬੀ ਚੰਗਾਈ, ਅਤੇ *ਇਹ*, ਅਤੇ *ਉਹ* ਦਾ ਇੰਨਕਾਰ ਕਰਦੇ ਹਨ ਤੇ ਸਭ ਇਸ ਤਰ੍ਹਾਂ ਦੇ ਗਤਾਵੇ ਵਿੱਚ ਹਨ। ਉਹਨਾਂ ਵਿੱਚੋਂ ਕਈ ਤਾਂ ਇੱਥੋਂ ਤਕ ਵਿਸ਼ਵਾਸ ਕਰਦੇ ਹਨ ਕਿ ਉਹ ਖੁਦਾ ਹੀ ਨਹੀਂ ਸੀ ਉਹ ਤਾਂ ਖੁਦਾ ਦਾ ਪੁੱਤਰ ਸੀ। ਉਹ ਵਿਸ਼ਵਾਸ ਕਰਦੇ ਹਨ ਕਿ ਉਹ ਯੂਸੁਫ ਦਾ ਪੁੱਤਰ ਸੀ *ਜੋ ਕਿ* ਖੁਦਾ ਦਾ ਪੁੱਤਰ ਅਖਵਾਇਆ। ਯਕੀਨਨ। ਲੂਥਰਨ ਅਤੇ ਜਵੀਨਗਲੀਜ ਦਾ ਜੁੜਵਾਂ ਭਰਾ ਇਹ ਮੰਨਦਾ ਹੈ ਕਿ ਉਹ ਤਾਂ ਬਿਲਕੁਲ ਠੀਕ ਇੱਕ ਚੰਗਾ ਆਦਮੀ ਸੀ। ਕ੍ਰਿਸਚਿਨ ਸਾਇੰਸ ਆਖਦੀ ਹੈ ਕਿ ਉਹ ਨਬੀ ਸੀ, ਬਸ ਇੱਕ ਆਮ ਸਧਾਰਨ ਮਨੁੱਖ। ਉਹ ਰੱਬੀ ਆਦਮੀ ਨਹੀਂ ਸੀ। ਕਿਉਂ, ਜੇ ਉਹ ਰੱਬੀ ਨਹੀਂ ਸੀ ਤਾਂ ਫਿਰ ਤਾਂ ਉਹ ਸਭ ਤੋਂ ਵੱਡਾ ਧੋਖੇਬਾਜ ਸੀ। ਜੋ ਕਦੇ ਜਹਾਨ ਵਿੱਚ ਹੋਇਆ ਸੀ। ਉਹ ਖੁਦਾ ਸੀ ਨਹੀਂ ਤਾਂ ਫਿਰ ਉਹ ਕੁਝ ਵੀ ਨਹੀਂ ਸੀ। ਉਹ ਰੱਬੀ ਰੂਪ ਸੀ! ਉਹ ਖੁਦ ਖੁਦਾ ਸੀ। ਸਾਡੇ

ਦਰਮਿਆਨ ਉਹ ਦੇਹਧਾਰੀ ਸੀ। ਖੁਦਾ ਦੇ ਪੁੱਤਰ ਦੇ ਰੂਪ ਜਾਂ ਵਿਅਕਤੀਤਵ ਵਿੱਚ। ਯਕੀਨਨ ਉਹੋ ਕੁਝ ਹੀ ਉਹ ਹੈ ਸੀ।

80 ਹੁਣ ਅਸੀਂ ਆਖਦੇ ਹਾਂ ਵਿਰੋਧਤਾ ਅੰਦਰ ਆ ਗਈ। ਅਸੀਂ ਜਾਣਦੇ ਹਾਂ ਕਿ ਇਹ ਇੱਥੇ ਹੈ, ਕੋਈ ਵੀ ਇਹਦਾ ਇੰਨਕਾਰ ਨਹੀਂ ਕਰ ਸਕਦਾ ਹੈ। ਔਹ, ਮੇਰੇ ਪ੍ਰਭੂ! ਬਸ ਧਿਆਨ ਦਿਓ। ਉਹ ਉਸ ਸਮੂਹ ਦਾ ਨਾਸ਼ ਕਰ ਦੇਵੇਗਾ ਜਿਹੜਾ ਕਿ ਇਹ ਦਾਵਾ ਕਰ ਰਿਹਾ ਹੈ ਕਿ ਉਹ ਖੁਦਾ ਦੀ ਸੇਵਾ ਕਰਦਾ ਹੈ।

81 ਖੁਦਾ ਨੇ ਆਪਣਾ ਬੀਜ ਬੀਜ ਦਿੱਤਾ। ਮੈਂ ਹੁਣ ਖਤਮ ਕਰ ਰਿਹਾ ਹਾਂ ਕਿਉਂਕਿ ਹੁਣ ਪ੍ਰਾਰਥਨਾ ਪੰਗਤ ਸ਼ੁਰੂ ਕਰਨ ਦਾ ਸਮਾਂ ਹੈ। ਖੁਦਾ ਨੇ ਆਪਣਾ ਬੀਜ ਬੀਜ ਦਿੱਤਾ, ਤੇ ਉਹਦਾ ਬੀਜ ਮਸੀਹ ਹੈ। ਮੈਂ ਇਸ ਵਿਸ਼ੇ ਉੱਤੇ ਕੁਝ ਰਾਤਾਂ ਬਾਅਦ ਵਿੱਚ ਪ੍ਰਚਾਰ ਕਰਾਂਗਾ ਜਿੱਥੇ ਕਿ ਖੁਦਾ ਨੇ ਆਪਣਾ ਨਾਮ ਧਰਨ ਦੇ ਲਈ ਫੈਸਲਾ ਲਿਆ। ਜੇ ਖੁਦਾ ਨੇ ਚਾਹਿਆ ਤਾਂ ਕਿਸੇ ਨਾਸ਼ਤੇ ਦੇ ਸਮੇਂ ਮੈਂ ਇਹ ਪ੍ਰਚਾਰ ਕਰਾਂਗਾ ਜਦੋਂ ਮੇਰੇ ਕੋਲ ਵਧੇਰੇ ਸਮਾਂ ਹੋਵੇਗਾ। ਧਿਆਨ ਦਿਓ ਕਿ ਯਿਸੂ ਮਸੀਹ ਹੀ ਇੱਕੋ ਬਚਾਅ ਦਾ ਇੱਕ ਤਰੀਕਾ ਹੈ। ਸਿਰਫ਼ ਉਹ ਹੀ ਸੱਚਾ ਵਿਚੋਲੀਆ ਹੈ, ਉਹੋ ਹੀ ਸਿਰਫ਼ ਸੱਚਾ ਖੁਦਾ ਹੈ। ਉਹਦੇ ਤੋਂ ਛੁੱਟ ਕੋਈ ਦੂਜਾ ਖੁਦਾ ਨਹੀਂ ਹੈ। ਮੈਂ ਸਿਰਫ਼ ਖੁਦਾ ਹਾਂ, ਤੇ ਸਿਰਫ਼ ਖੁਦਾ, ਉਹਨੇ ਆਖਿਆ ਹੈ। ਯਿਸੂ ਮਸੀਹ ਨੇ ਆਖਿਆ ਹੈ, "ਇਹ ਹੁਕਮ ਹੈ: ਹੇ ਇਸਰਾਈਲ ਸੁਣ, ਮੈਂ ਤੁਹਾਡਾ ਖੁਦਾਵੰਦ ਖੁਦਾ ਹਾਂ ਸਿਰਫ਼ ਇੱਕ ਖੁਦਾ। ਮੈਂ ਉਹ ਹਾਂ ਤੁਸੀਂ ਦੂਸਰੇ ਦੀ ਤਾਂਗ ਵਿੱਚ ਕਿਉਂ ਹੋ। ਦੂਜਾ ਆਵੇਗਾ...ਮੈਂ ਆਪਣੇ ਪਿਤਾ ਦੇ ਨਾਮ ਵਿੱਚ ਆਉਂਦਾ ਹਾਂ। ਤੇ ਤੁਸੀਂ ਮੈਨੂੰ ਕਬੂਲ ਨਹੀਂ ਕਰਦੇ ਹੋ। ਤੇ ਦੂਜਾ ਕੋਈ ਹੋਰ ਆਪਣੇ ਹੀ ਨਾਮ ਵਿੱਚ ਆਵੇਗਾ ਤੇ ਉਹਨੂੰ ਤੁਸੀਂ ਕਬੂਲ ਕਰ ਲਓਗੇ" ਤੇ ਉਹਨਾਂ ਨੇ ਇਹ ਚੰਨ ਨਿਸਿਆ ਸਭ ਵਿੱਚ ਚਾੜ੍ਹਿਆ।

"ਕੀ ਤੁਸੀਂ ਇੱਕ ਮਸੀਹੀ ਜਨ ਹੋ?"

"ਮੈਂ ਇੱਕ ਬੇਪਟਿਸਟ ਹਾਂ"।

"ਕੀ ਤੁਸੀਂ ਮਸੀਹੀ ਜਨ ਹੋ?"

"ਮੈਂ ਪੈਂਤੀਕਾਸਟਲ ਹਾਂ"।

"ਕੀ ਤੁਸੀਂ ਮਸੀਹੀ ਜਨ ਹੋ?"

"ਮੈਂ ਮੇਥੋਡਿਸਟ ਹਾਂ," ਇੱਕ ਹੋਰ ਦੂਜਾ ਨਾਮ।

82 ਪਰ ਜਦ ਉਸ "ਯਿਸੂ ਮਸੀਹ" ਦੇ ਨਾਮ ਵਿੱਚ ਵਾਰੀ ਆਉਂਦੀ ਹੈ, ਤੇ ਜਿਨ੍ਹਾਂ ਵੀ ਇਹਦੇ ਤੋਂ ਦੂਰ ਜਾ ਸਕਦੇ ਹਨ ਜਾਂਦੇ ਹਨ। ਉਹ ਇਹਦੇ ਨਾਲ ਕੋਈ ਵਾਹ ਵਾਸਤਾ ਨਹੀਂ ਰੱਖਣਾ ਚਾਹੁੰਦੇ ਹਨ। ਕਿਉਂਕਿ ਉਹ ਵਚਨ ਹੈ ਅਤੇ ਵਚਨ

ਆਪਣੇ ਆਪ ਨੂੰ ਘੋਸ਼ਿਤ ਕਰ ਰਿਹਾ ਹੈ। ਧਿਆਨ ਦਿਓ ਬਚਾਏ ਜਾਣ ਦਾ ਇੱਕੋ ਹੀ ਮਾਰਗ। ਉਹ ਸ਼ਾਰੋਨ ਦਾ ਗੁਲਾਬ ਹੈ। ਬਾਈਬਲ ਨੇ ਆਖਿਆ ਹੈ ਕਿ ਉਹ ਹੈ ਸੀ। ਬਾਈਬਲ ਵਿੱਚ ਹਰੇਕ ਖਿਤਾਬ ਜੋ ਖੁਦਾ ਹੈ ਉਹ ਯਿਸੂ ਮਸੀਹ ਦਾ ਹੈ। ਉਹ ਅਲਫਾ ਅਤੇ ਉਮੇਗਾ ਹੈ ਆਦਿ ਅਤੇ ਅੰਤ। ਉਹ ਜਿਹੜਾ ਹੈ ਸੀ, ਜੋ ਹੈ, ਤੇ ਜਿਹੜਾ ਆਵੇਗਾ। ਦਾਊਦ ਦੀ ਜੜ੍ਹ ਅਤੇ ਸੰਤਾਨ। ਦਾਊਦ ਦੀ ਜੜ੍ਹ ਤੇ ਸੰਤਾਨ ਦੋਵੇਂ ਹੀ ਉਹ ਹੈ। ਭੋਰ ਦਾ ਤਾਰਾ, ਸ਼ਾਰੋਨ ਦਾ ਗੁਲਾਬ, ਵਾਦੀ ਦਾ ਸੋਸਨ। ਅਲਫਾ ਅਤੇ ਉਮੇਗਾ, ਪਿਤਾ, ਪੁੱਤਰ, ਪਵਿੱਤਰ ਆਤਮਾ, ਸਭ ਕੁਝ ਯਿਸੂ ਮਸੀਹ ਦੇ ਅੰਦਰ ਹੈ। ਉਹ ਯਹੋਵਾਹ ਖੁਦਾ ਦਾ ਪੂਰਾ ਪੂਰਾ ਪ੍ਰਗਟਾਵਾ ਹੈ ਜੋ ਕਿ ਦੇਹ ਧਾਰ ਕੇ ਸਾਡੇ ਦਰਮਿਆਨ ਰਿਹਾ। ਠੀਕ ਬਿਲਕੁਲ ਉਹ ਇਹੋ ਹੀ ਸੀ।

83 ਉਹ ਸ਼ਾਰੋਨ ਦਾ ਗੁਲਾਬ ਸੀ। ਉਹਨਾਂ ਨੇ ਸ਼ਾਰੋਨ ਦੇ ਗੁਲਾਬ ਨਾਲ ਕੀ ਕੀਤਾ? ਉਹਨਾਂ ਨੇ ਇਹਨੂੰ ਮਿਧ ਸੁੱਟਿਆ, ਚੰਗੀ ਤਰ੍ਹਾਂ ਘਚੋਲ ਸੁੱਟਿਆ ਤਾਂ ਕਿ ਇਹਦੇ ਵਿੱਚੋਂ ਸੁਗੰਧ ਕੱਢ ਸਕਣ। ਇੱਕ ਗੁਲਾਬ ਦੇ ਵਿੱਚੋਂ ਖੁਸ਼ਬੂ ਕੱਢਣ ਦੇ ਲਈ ਇੱਕ ਸੁੰਦਰ ਗੁਲਾਬ ਨੂੰ ਚੰਗੀ ਤਰ੍ਹਾਂ ਨਿਚੋੜਨਾ ਤੇ ਮਿਧਣਾ ਪੈਂਦਾ ਹੈ। ਤੇ ਉਹ ਇੱਕ ਸੁੰਦਰ ਜੀਵਨ ਸੀ। ਉਹਦੇ ਵਰਗਾ ਜੀਵਨ ਕਿਤੇ ਵੀ ਬਸਰ ਨਹੀਂ ਕੀਤਾ ਗਿਆ, ਪਰ ਉਹਨੂੰ ਤਾਂ ਕਲਵਰੀ ਉੱਤੇ ਨਿਚੋੜਿਆ ਗਿਆ।

84 ਵੇਖੋ, ਉਹਨਾਂ ਨੇ ਸ਼ਾਰੋਨ ਦੇ ਗੁਲਾਬ ਦਾ ਮਸਹ ਲੈ ਕੇ ਹਰੂਨ ਉੱਤੇ ਉਂਡੇਲਿਆ। ਉਹਨੇ ਉਹਦੇ ਨਾਲ ਮਸਹ ਹੋਣਾ ਸੀ ਤਾਂ ਕਿ ਪਵਿੱਤਰ ਸਥਾਨ ਵਿੱਚ ਉਹ ਖੁਦਾਵੰਦ ਦੇ ਸਾਹਮਣੇ ਜਾ ਕੇ ਹਾਜਰ ਹੋ ਸਕੇ। ਪਵਿੱਤਰ ਪੜ੍ਹਦੇ ਵਿੱਚ, ਉਹਨੂੰ ਸ਼ਾਰੋਨ ਦੇ ਗੁਲਾਬ ਨਾਲ ਮਸਹ ਕੀਤਾ ਜਾਣਾ ਹੀ ਸੀ। ਤਾਂ ਕਿ ਉਹ ਜਾ ਕੇ ਕਿਰਪਾ ਦੇ ਸਿੰਘਾਸਣ ਜਾਂ ਸਰਪੋਸ਼ ਉੱਤੇ ਹਰ ਸਾਲ ਲਹੂ ਛਿੜਕ ਸਕੇ। ਉਹ ਮਸਹ ਉਹਦੇ ਉੱਤੇ ਹੋਣਾ ਜਰੂਰੀ ਸੀ। ਖੁਦਾਵੰਦ ਦੇ ਲਈ ਮਿੱਠੀ ਤੇ ਸੁਗੰਧਿਤ ਖੁਸ਼ਬੂ। ਤੇ ਉਹਦੇ ਸਾਹਮਣੇ ਲੇਲੇ ਦਾ ਲਹੂ ਲਈ ਕੇ ਜਾਣਾ। ਜਦੋਂ ਉਹਦੇ ਉੱਤੇ ਵੀ ਲੇਲੇ ਦਾ ਲਹੂ ਛਿੜਕਿਆ ਜਾ ਚੁੱਕਾ ਹੈ। ਅਨਾਰ ਤੇ ਘੰਟੀਆਂ ਉਹਦੇ ਜੂਬੇ ਨਾਲ ਬੰਨੀਆਂ ਹੋਈਆਂ ਸਨ। ਉਹਨੂੰ ਕੁਝ ਕਦਮ ਚਲਣਾ ਪੈਂਦਾ ਸੀ ਇਹ ਵਜਾਉਂਦੇ ਅਤੇ ਆਖਦੇ ਹੋਏ ਕਿ ਪਵਿੱਤਰ, ਪਵਿੱਤਰ, ਪਵਿੱਤਰ ਖੁਦਾਵੰਦ ਖੁਦਾ ਪਵਿੱਤਰ ਹੈ।

85 ਧਿਆਨ ਦਿਓ, ਉਹ ਯਿਸੂ ਮਸੀਹੀ ਹੀ ਸ਼ਾਰੋਨ ਦਾ ਗੁਲਾਬ ਹੈ। ਉਹ ਮਿੱਠੀ ਸੁਗੰਧਿਤ ਖੁਸ਼ਬੂ ਉਹਦੇ ਲੋਕਾਂ ਦੇ ਉੱਤੇ ਜੋ ਮਸਹ ਹੈ। ਤੁਸੀਂ ਉਹਦੇ ਸਾਹਮਣੇ ਕਿਸੇ ਆਕਿਦੇ ਦੇ ਨਾਲ ਨਹੀਂ ਆ ਸਕਦੇ ਹੋ ਜਾਂ ਕਿਸੇ ਹੋਰ ਚੀਜ ਦੇ ਨਾਲ।

ਪਰ ਉਸ ਸ਼ਾਰੋਨ ਦੇ ਗੁਲਾਬ ਦੇ ਨਾਲ ਮਸਹ ਹੋ ਕੇ ਹੀ ਜੋ ਕਿ ਵਚਨ ਹੈ। ਉਹ ਵੀ ਵਾਦੀ ਦਾ ਗੁਲਾਬ ਹੈ।

86 ਹੁਣ ਤੁਹਾਨੂੰ ਅਫੀਮ ਕਿਸ ਤਰ੍ਹਾਂ ਮਿਲਦੀ ਹੈ? ਤੁਹਾਨੂੰ ਅਫੀਮ ਉਦੋਂ ਮਿਲਦੀ ਹੈ ਜਦੋਂ ਤੁਸੀਂ ਇੱਕ ਸੋਸਨ ਦੇ ਫੁੱਲ ਨੂੰ ਲੈ ਕੇ ਨਚੋੜ ਸੁੱਟਦੇ ਹੋ ਤਾਂ ਤੁਹਾਨੂੰ ਅਫੀਮ ਮਿਲ ਜਾਂਦੀ ਹੈ। ਡਾਕਟਰ ਲੋਕ ਇਹਨੂੰ ਆਪਣੀਆਂ ਪ੍ਰਯੋਗ ਸ਼ਾਲਾ ਵਿੱਚ ਵਰਤਦੇ ਹਨ। ਤੁਸੀਂ ਕਿਸੇ ਘਬਰਾਏ ਹੋਏ ਜਾਂ ਪਰੇਸ਼ਾਨ ਆਦਮੀ ਨੂੰ ਲਓ, ਜਾਂ ਕਿਸੇ ਔਰਤ ਨੂੰ ਜੋ ਸੋਚਦੀ ਹੋਵੇ ਕਿ ਉਹ ਸ਼ੁਦਾਈ ਹੋ ਜਾਵੇਗੀ। ਤੇ ਉਹ ਫ਼ਰਸ਼ ਤੇ ਚਲਦੀ ਫਿਰਦੀ ਚੀਕਾਂ ਮਾਰਦੀ ਹੈ ਤੇ ਉਹਨੂੰ ਗਛ ਪੈ ਗਈ ਹੈ। ਤੇ ਡਾਕਟਰ ਆਪਣੀ ਥੋੜੀ ਜਿਹੀ ਸੋਸਨ ਵਾਲੀ ਅਫੀਮ ਲਵੇਗਾ ਤੇ ਉਹਦਾ ਟੀਕਾ ਉਹਦੀ ਬਾਂਹ ਵਿਚ ਜਾਂ ਕਿਤੇ ਨਾੜ ਵਿੱਚ ਲਾ ਦੇਵੇਗਾ। ਅਤੇ ਉਹ ਸ਼ਾਂਤ ਹੋ ਜਾਂਦੇ ਹਨ। ਥੋੜੇ ਚਿਰ ਦੇ ਲਈ ਇਹ ਖਤਮ ਹੋ ਜਾਂਦਾ ਹੈ। ਪਰ ਜਿਵੇਂ ਹੀ ਉਸ ਅਫੀਮ ਦਾ ਅਸਰ ਖਤਮ ਹੋ ਜਾਂਦਾ ਹੈ, ਤੇ ਉਹ ਦੌਰੇ ਫਿਰ ਪੈਣ ਲੱਗ ਜਾਂਦੇ ਹਨ, ਉਹਨਾਂ ਨਾਲੋਂ ਕਿਤੇ ਬੁਰੇ ਅਤੇ ਮਾੜੇ ਜੋ ਕਦੇ ਪਹਿਲਾਂ ਪਏ ਸਨ।

87 ਪਰ ਮਿੱਤਰੋ ਮੈਂ ਤੁਹਾਨੂੰ ਦੱਸਦਾ ਹਾਂ ਕਿ ਉਹ ਤਾਂ ਸਿਰਫ਼ ਨਮੂਨਾ ਹੀ ਉਸ ਅਸਲੀ ਅਫੀਮ ਦਾ ਜੋ ਕਿ ਵਾਦੀ ਦੇ ਸੋਸਨ ਵਿੱਚੋਂ ਨਿਕਲਦੀ ਹੈ ਜਿਹਨੂੰ ਮੈਂ ਜਾਣਦਾ ਹਾਂ। ਉਹ ਵਾਦੀ ਦਾ ਸੋਸਨ ਹੈ। ਉਹ ਕਲਵਰੀ ਦੇ ਉੱਤੇ ਨਿਚੋੜ ਦਿੱਤਾ ਗਿਆ ਸੀ, ਉਹ ਸਾਰੇ ਅਪਰਾਧਾਂ ਦੇ ਲਈ ਘਾਇਲ ਕੀਤਾ ਗਿਆ ਸੀ। ਉਹਦੇ ਮਾਰ ਖਾਣ ਨਾਲ ਅਸੀਂ ਨਰੋਏ ਕੀਤੇ ਗਏ ਹਾਂ। ਉਹਦੇ ਵਿਚੋ, ਫੁੱਲਾਂ ਦਾ ਨਿਚੋੜਨਾ, ਉਹ ਵੀ ਇੱਕ ਫੁੱਲ ਸੀ, ਤੇ ਉਹ ਸਭ ਤੋਂ ਮਹਾਨ ਫੁੱਲ ਸੀ ਜਿਹੜਾ ਕਿ ਕਦੇ ਉੱਗਿਆ ਹੈ। ਉਹ ਇੱਕ ਵਾਦੀ ਦਾ ਸੋਸਨ ਅਤੇ ਸ਼ੇਰੋਨ ਦਾ ਗਲਾਬ ਸੀ। ਹੁਣ ਉਹ ਅੱਜ ਰਾਤ ਲਟਕ ਰਿਹਾ ਹੈ, ਸੁਰਗ ਤੇ ਧਰਤੀ ਦੇ ਵਿਚਕਾਰ। ਮੈਂ ਯਕੀਨ ਕਰਦਾ ਹਾਂ ਕਿ ਜਾਂ ਫਿਰ ਇਹ ਉਹ ਸਮਾਂ ਸੀ, ਕਿ ਜਗਤ ਦੇ ਪਾਪ ਮਿਟਾਏ ਜਾਣ ਤੇ ਸੰਸਾਰ ਦੇ ਅੰਦਰ ਫਿਰ ਚੰਗਾਈ ਮਿਟਾਈ ਜਾਵੇ। ਤੇ ਬਾਈਬਲ ਨੇ ਆਖਿਆ ਹੈ ਕਿ ਉਹ ਅੱਜ ਕਲ ਅਤੇ ਯੁਗੋਯੁੱਗ ਇੱਕੋ ਜਿਹਾ ਹੈ।

88 ਮਿੱਤਰੋ, ਜਦ ਖੁਦਾ ਨੇ ਮੂਸਾ ਨੂੰ ਉਜਾੜ ਵਿੱਚ ਦੱਸਿਆ ਕਿ ਉਹਦਾ ਹੀ ਨਮੂਨਾ ਸੀ। ਕਿ ਉਹ ਪਿੱਤਲ ਦੇ ਸੱਪ ਨੂੰ ਢਾਂਗੇ ਤੇ ਲਟਕਾਏ। ਤੇ ਪਿੱਤਲ ਪਾਪ ਦੇ ਨਿਆਂ ਦਾ ਪ੍ਰਤੀਕ ਹੈ। ਸੱਪ ਦਰਸਾਉਂਦਾ ਹੈ, *ਪਿੱਤਲ ਦਾ ਸੱਪ* ਦਰਸਾਉਂਦਾ ਹੈ ਕਿ "ਪਾਪ ਦਾ ਪਹਿਲਾਂ ਹੀ ਨਿਆਂ ਹੋ ਗਿਆ ਹੈ"। ਜਿਦਾਂ ਕਿ *ਪਿੱਤਲ* "ਰੱਬੀ ਨਿਆਂ" ਹੈ, ਜਿਵੇਂ ਕਿ ਪਿੱਤਲ ਦੀ ਜਗਵੇਦੀ ਜਿੱਥੇ ਕਿ ਬਲੀਦਾਨ ਚੜਾਇਆ ਜਾਂਦਾ ਸੀ। ਤੇ ਏਲੀਯਾਹ ਨੇ ਵੀ ਉਤਾਂਹ ਦੇਖ ਕੇ ਆਖਿਆ ਕਿ

ਆਕਾਸ਼ ਪਿੱਤਲ ਵਰਗੇ ਜਾਪਦੇ ਹਨ। ਇੱਕ ਬੇਪਰਤੀਤੇ ਕੌਮ ਦੇ ਉੱਤੇ ਖੁਦਾ ਦਾ ਨਿਆਂ ਭੜਕ ਪਿਆ ਸੀ ਕਿਉਂਕਿ ਖੁਦਾ ਤੋਂ ਪਿਛਾਂਹ ਫਿਰ ਗਈ। ਪਿੱਤਲ ਨਿਆਂ ਨੂੰ ਦਰਸਾਉਂਦਾ ਹੈ, ਰੱਬੀ ਨਿਆਂ ਨੂੰ ਦਰਸਾਉਂਦਾ ਹੈ। ਸੱਪ ਇਸ ਗੱਲ ਨੂੰ ਦਰਸਾਉਂਦਾ ਹੈ ਕਿ ਪਾਪ ਦਾ ਤਾਂ ਪਹਿਲਾਂ ਹੀ ਨਿਆਂ ਹੋ ਚੁੱਕਾ ਹੈ। ਤੇ ਯਿਸੂ ਉਹ ਸੱਪ ਸੀ ਜੋ ਸਾਡੇ ਲਈ ਪਾਪ ਬਣਾਇਆ ਗਿਆ। ਤੇ ਉਹਨੇ ਖੁਦਾ ਦੇ ਨਿਆਂ ਨੂੰ ਆਪਣੇ ਉੱਪਰ ਲੈ ਲਿਆ। ਉਹ ਸਾਡੇ ਅਪਰਾਧਾਂ ਦੇ ਲਈ ਘਾਇਲ ਕੀਤਾ ਗਿਆ, ਸਾਡੇ ਦੋਸ਼ਾਂ ਦੇ ਲਈ ਕੁਚਲਿਆ ਗਿਆ। ਸਾਡੀ ਸ਼ਾਂਤੀ ਦੇ ਲਈ ਉਹਦੀ ਤਾੜਨਾ ਹੋਈ, ਤੇ ਮਾਰ ਖਾਣ ਦੇ ਨਾਲ ਅਸੀਂ ਚੰਗੇ ਹੋ ਗਏ ਹਾਂ।

89 ਔਹ, ਖੁਦਾ ਨੇ ਆਪਣਾ ਕੈਬਿਨੇਟ ਅੱਜ ਰਾਤ ਤੁਹਾਡੇ ਲਈ ਅਫੀਮ ਨਾਲ ਭਰਿਆ ਹੋਇਆ ਹੈ। ਮਸੀਹੀ ਮਿੱਤਰੋ, ਤੁਸੀਂ ਰੋਗੀ ਅਤੇ ਦੁਖੀ ਹੋ। ਤੁਸੀਂ ਥਕੇ ਅਤੇ ਮਾਂਦੇ ਹੋ, ਇਹ ਤੁਹਾਡੇ ਲਈ ਬਹੁਤ ਹੀ ਔਖਾ ਹੈ। ਤੁਸੀਂ ਜਿਆਦਾ ਦੇਰ ਤਕ ਇਸਨੂੰ ਸਹਿ ਨਹੀਂ ਸਕਦੇ ਹੋ। ਅੱਜ ਦੇ ਜਮਾਨੇ ਵਿੱਚ ਜਿਹਦੇ ਵਿੱਚ ਅਸੀਂ ਰਹਿ ਰਹੇ ਹਾਂ ਤੁਸੀਂ ਇਹਦੇ ਨਾਲ ਸੁਦਾਈ ਹੋ ਜਾਵੋਗੇ।

90 ਕੀ ਤੁਸੀਂ ਅੱਜ ਰਾਤ *ਲਾਈਫ ਲਾਈਨ* ਦੀ ਗੱਲ ਬਾਤ ਸੁਣੀ ਹੈ? ਤੇ ਉਹਨੇ ਕੀ ਆਖਿਆ ਹੈ ਕਿ ਰੂਸ ਸੰਨ 1955 ਵਿੱਚ "ਪੂਰੇ ਤੌਰ ਤੇ ਸਾਰੇ ਸੰਸਾਰ ਨੂੰ ਆਪਣੇ ਕਾਬੂ ਵਿੱਚ ਕਰ ਲਵੇਗਾ"? ਇਹ ਹੋਣ ਤੋਂ ਪਹਿਲਾਂ ਸੁਰਗ ਤੇ ਉਠਾਇਆ ਜਾਣਾ ਹੋਵੇਗਾ। ਮਿੱਤਰੋ, ਇਹ ਗੱਲ ਕਿੰਨੀ ਨਿਕਟ ਹੈ? ਇਹ ਬਿਲਕੁਲ ਨੇੜੇ ਹੈ ਇਹ ਬਹੁਤ ਹੀ ਨਿਕਟ ਹੈ।

91 ਕੀ ਤੁਸੀਂ ਉਸਦੀ ਭਾਲ ਅੱਜ ਰਾਤ ਆਪਣੇ ਸਾਰੇ ਦਿਲ ਨਾਲ ਨਹੀਂ ਕਰੋਗੇ? ਉਹ ਵਾਦੀ ਦਾ ਸੋਸਨ ਹੈ। ਤੇ ਉਹ ਅੱਜ ਕਲ ਅਤੇ ਯੁਗੋਂ ਯੁੱਗ ਇੱਕੋ ਜਿਹਾ ਹੈ। ਤੇ ਉਹ ਅੱਜ ਰਾਤ ਇੱਥੇ ਹੈ ਆਪਣੇ ਲੋਕਾਂ ਵਿੱਚ ਉਤਾਂਹ ਚੁੱਕਣ ਦੇ ਲਈ। ਉਦਾਂ ਹੀ ਜਿਵੇਂ ਮੂਸਾ ਨੇ ਪਾਪ ਦਾ ਨਿਸ਼ਾਨ ਉਤਾਂਹ ਚੁੱਕਿਆ ਜਿਹੜਾ ਕਿ ਪਹਿਲਾਂ ਹੀ ਨਿਆਂ ਹੋ ਚੁੱਕਿਆ ਸੀ। ਸਿਰਫ਼ ਪਾਪ ਹੀ ਨਹੀਂ ਪਰ ਰੋਗ ਵੀ। ਯਾਦ ਰਹੇ, ਯਿਸੂ ਨੇ ਆਖਿਆ ਹੈ, "ਜਿਵੇਂ ਮੂਸਾ ਨੇ ਪਿੱਤਲ ਦਾ ਸੱਪ ਢਾਂਗੇ ਉੱਤੇ ਉਤਾਂਹ ਚੁੱਕਿਆ। ਸੋ ਇਦਾਂ ਹੀ ਮਨੁੱਖ ਦਾ ਪੁੱਤਰ ਵੀ ਉਤਾਂਹ ਚੁੱਕਿਆ ਜਾਂਦਾ ਹੈ"। ਮੂਸਾ ਨੇ ਇਹ ਪਿੱਤਲ ਦਾ ਸੱਪ ਕਾਹਦੇ ਲਈ ਉਤਾਂਹ ਚੁੱਕਿਆ ਸੀ? ਪਾਪ ਦੇ ਲਈ, ਬਿਮਾਰੀ ਦੇ ਲਈ ਤੇ ਬੇਪਰਤੀਤੀ ਦੇ ਲਈ। ਉਹ ਉਹੋ ਹੀ ਚੀਜ ਸੀ।

92 ਹੁਣ, ਅੱਜ ਰਾਤ, ਇਹਨਾਂ ਦਿਨਾਂ ਦੇ ਅੰਦਰ ਜਦ ਕਿ ਸਾਡੇ ਕੋਲ ਬਹੁਤ ਵਿਰੋਧਤਾ ਹੈ। ਯਿਸੂ ਮਸੀਹ ਨੇ ਲੂਕਾ ਵਿੱਚ ਇਹਦਾ ਵਾਦਾ ਕੀਤਾ ਹੈ ਇਹਨਾਂ ਦਿਨਾਂ ਵਿੱਚ...ਪ੍ਰਭੂ ਦੀ ਆਮਦ ਤੋਂ ਪਹਿਲਾਂ ਤੇ ਉਦਾਂ ਹੀ ਹੋਵੇਗਾ, ਜਿਵੇਂ ਕਿ

ਸੱਦੂਮ ਦੇ ਦਿਨਾਂ ਵਿੱਚ ਹੋਇਆ ਸੀ। ਤੇ ਜਦ ਮਨੁੱਖ ਦਾ ਪੁੱਤਰ ਆਪਣੇ ਆਪ ਨੂੰ ਪ੍ਰਗਟ ਕਰੇਗਾ। ਜਿਵੇਂ ਕਿ ਮਨੁੱਖ ਦੇ ਪੁੱਤਰ ਨੇ ਜੋ ਕਿ ਏਲੋਹੀਮ ਸੀ ਆਪਣੇ ਆਪ ਨੂੰ ਹੇਠਾਂ ਉੱਥੇ ਅਬਰਾਹਾਮ ਦੇ ਉੱਤੇ ਪ੍ਰਗਟ ਕੀਤਾ। ਖੁਦਾ ਦੇ ਲੋਕਾਂ ਦੇ ਦਰਮਿਆਨ ਦੇਹਧਾਰ ਕੇ ਆ ਗਿਆ। ਤੇ ਉੱਥੇ ਅਬਰਾਹਾਮ ਦੇ ਨਾਲ ਰਿਹਾ, ਤੇ ਉਹਨੂੰ ਵਿਖਾਇਆ ਤੇ ਉਹਨੂੰ ਦੱਸਿਆ ਕਿ (ਉਹਦੇ ਪਿਛਵਾੜੇ) ਤੰਬੂ ਵਿੱਚ ਸਰਾਹ ਬੈਠ ਕੇ ਕੀ ਸੋਚ ਰਹੀ ਸੀ। ਉਹਨੇ ਸਰਾਹ ਨੂੰ ਹਰਗਿਜ ਵੀ ਨਹੀਂ ਵੇਖਿਆ ਸੀ। ਤੇ ਉਹਨੂੰ ਦੱਸਿਆ ਸੀ ਕਿ ਉਹ ਕੀ ਸੀ...ਤੇ ਉਹਦਾ ਨਾਮ ਦੱਸਿਆ, "ਸਾਰਾਹ", "ਅਬਰਾਹਾਮ", ਤੇ ਹੁਣ ਉਹਦਾ ਨਾਮ ਅਬਰਾਮ ਨਹੀਂ ਜਿਹਦੇ ਨਾਲ ਕਿ ਉਹ ਨਿਕਲਿਆ ਸੀ ਪਰ ਅਬਰਾਹਾਮ। ਸਾਰਾਈ ਨਹੀਂ, ਪਰ ਸਾਰਾਹ, "ਤੇਰੀ ਪਤਨੀ ਸਾਰਾਹ ਕਿੱਥੇ ਹੈ?"

ਕਿਹਾ, "ਉਹ ਤੇਰੇ ਪਿੱਛੇ ਤੰਬੂ ਵਿੱਚ ਹੈ"।

93 ਆਖਿਆ, "ਮੈਂ ਜੀਵਨ ਦੀ ਬਹਾਰੇ ਤੁਹਾਨੂੰ ਆਣ ਕੇ ਦਰਸ਼ਨ ਦੇਵਾਂਗਾ"। ਤੇ ਉਹ ਹੱਸੀ। ਉਹਨੇ ਕਿਹਾ, "ਉਹ ਕਿਉਂ ਹੱਸੀ?"

94 ਹੁਣ, ਯਿਸੂ ਨੇ ਆਖਿਆ, "ਇਸ ਸਾਰੀ ਵਿਰੋਧਤਾ ਨੂੰ ਇਕੱਠਾ ਕਰਕੇ ਤੇ ਫੂਕਣ ਤੋਂ ਥੋੜ੍ਹਾ ਜਿਹਾ ਪਹਿਲੇ ਤੇ ਮਨੁੱਖ ਦਾ ਪੁੱਤਰ ਆਪਣੇ ਆਪ ਨੂੰ ਉਦਾਂ ਹੀ ਪ੍ਰਗਟ ਕਰੇਗਾ ਜਿਦਾਂ ਕਿ ਉਹਨੇ ਉਦੋਂ ਕੀਤਾ ਸੀ"। ਅਤੇ ਉਹ ਹੈ...ਇਹ ਕੀ ਹੈ? ਇਹ ਤਾਂ ਤੁਹਾਡੇ ਸਾਹਮਣੇ ਉਹਨੂੰ ਫਿਰ ਤਾਜਾ ਉੱਚਾ ਉਠਾਉਣਾ ਹੈ। ਕਿ ਯਿਸੂ ਮਸੀਹ ਅੱਜ ਕਲ ਅਤੇ ਯੁਗੋਂਯੁੱਗ ਇੱਕੋ ਜਿਹਾ ਹੈ। ਕੀ ਤੁਸੀਂ ਇਹਦਾ ਯਕੀਨ ਕਰਦੇ ਹੋ। ਤਦ ਆਓ ਅਸੀਂ ਆਪਣੇ ਸਿਰਾਂ ਨੂੰ ਪ੍ਰਾਰਥਨਾ ਦੇ ਲਈ ਝੁਕਾਈਏ।

95 ਪਿਆਰੇ ਖੁਦਾ, ਅਸੀਂ ਤੈਨੂੰ ਪਿਆਰ ਕਰਦੇ ਹਾਂ। ਤੇਰਾ ਵਚਨ ਸਾਡੇ ਲਈ ਬਹੁਤ ਹੀ ਜੋਰਦਾਰ ਖੁਰਾਕ ਹੈ। ਪ੍ਰਭੂ ਅਸੀਂ ਇਹਨੂੰ ਪਿਆਰ ਕਰਦੇ ਹਾਂ! ਪ੍ਰਭੂ ਅਸੀਂ ਇਹਦੇ ਨਾਲ ਜਿਉਂਦੇ ਹਾਂ। ਇੰਝ ਜਾਪਦਾ ਹੈ ਕਿ ਸਾਡੀ ਸ਼ਮਤਾ ਕਦੇ ਵੀ ਕਾਫੀ ਨਹੀਂ ਹੈ। ਅਸੀਂ ਬਸ ਤੇਰੀ ਮੇਜ ਦੇ ਦੁਆਲੇ ਬੈਠਣਾ ਪਸੰਦ ਕਰਦੇ ਹਾਂ। ਤੇਰੇ ਵਚਨ ਦੇ ਚੌਗਿਰਦ ਤੇ ਬਰਕਤਾਂ ਦਾ ਆਨੰਦ ਮਾਨਣਾ ਚਾਹੁੰਦੇ ਹਾਂ। ਪ੍ਰਭੂ ਜਦ ਅਸੀਂ ਇਦਾਂ ਭਾਈ ਤੇ ਭੈਣਾਂ ਇਕੱਠੇ ਹੁੰਦੇ ਹਾਂ ਜਿਹਦੇ ਕਿ ਖੁਦਾ ਦੇ ਪੁੱਤਰ ਦੇ ਦੁਆਰਾ ਲਹੂ ਦੇ ਨਾਲ ਖਰੀਦੇ ਗਏ ਹਨ। ਜੋ ਕਿ ਤੇਰੇ ਖੂਨ ਦੀ ਖਰੀਦ ਹੈ। ਪ੍ਰਭੂ ਅੱਜ ਰਾਤ ਅਸੀਂ ਇੱਥੇ ਆਉਂਦੇ ਹਾਂ ਅਸੀਂ ਇਹਨਾਂ ਰਾਤਾਂ ਨੂੰ ਬਿਮਾਰਾਂ ਦੇ ਲਈ ਪ੍ਰਾਰਥਨਾ ਕਰਨ ਵਾਸਤੇ ਮਕਸੂਸ ਕੀਤਾ ਹੋਇਆ ਹੈ। ਅਤੇ ਲਿਖਤਾਂ ਦੇ ਅਨੁਸਾਰ ਤੂੰ ਆਖਿਆ ਹੈ ਕਿ "ਤੇਰੇ ਕੋੜੇ ਖਾਣ ਨਾਲ ਅਸੀਂ ਨਰੋਏ ਕੀਤੇ ਗਏ ਹਾਂ"। ਤਦ ਫਿਰ ਪ੍ਰਾਰਥਨਾ ਕਰਨ ਦੀ ਲੋੜ ਨਹੀਂ ਹੈ (ਸਿਰਫ਼ ਸਾਨੂੰ ਆਪਣੇ

ਪਾਪਾਂ ਨੂੰ ਮੰਨਣਾ ਹੈ), ਅਸੀਂ ਤੇਰੇ ਕੋੜੇ ਖਾਣ ਨਾਲ (ਭੂਤਕਾਲ) ਵਿੱਚ ਚੰਗੇ ਕਿਤੇ ਜਾ ਚੁੱਕੇ ਹਾਂ। ਔਹ, ਕਿਹੋ ਜਿਹਾ ਮੁਕਤੀ ਦਾ ਦਿਨ ਹੈ! ਇੰਨਮਾਨੂਏਲ ਦਾ ਕਿਹੋ ਜਿਹਾ ਵਾਇਦਾ ਹੈ! ਇਹ ਪੱਕੇ ਤੌਰ ਤੇ ਹੀ ਸੱਚਾਈ ਹੈ।

96 ਤੂੰ ਆਖਿਆ ਹੈ, "ਥੋੜ੍ਹਾ ਚਿਰ, ਅਤੇ ਜਗਤ ਮੈਨੂੰ ਨਹੀਂ ਵੇਖੇਗਾ, ਤਦ ਵੀ ਤੁਸੀਂ ਮੈਨੂੰ ਵੇਖੋਂਗੇ, ਕਿਉਂਕਿ ਮੈਂ" (ਆਪਣਾ ਨਿੱਜੀ ਪੜਨਾਂਵ "ਮੈਂ") "ਮੈਂ ਤੁਹਾਡੇ ਨਾਲ ਹੋਵਾਂਗਾ, ਤੁਹਾਡੇ ਅੰਦਰ ਹੋਵਾਂਗਾ, ਜਗਤ ਦੇ ਅੰਤ ਤਕ"। ਅਤੇ ਸਮੇਂ ਦੇ ਅੰਤ ਵਿੱਚ, ਇਹ ਮਹਾਨ ਖਾਤਮਾ, ਤੂੰ ਆਖਿਆ ਹੈ, ਇਹਦੇ ਹੋਣ ਤੋਂ ਪਹਿਲਾਂ, ਇਹ ਬਿਲਕੁਲ ਠੀਕ ਉਦਾਂ ਹੀ ਹੋਵੇਗਾ ਜਿਦਾਂ ਕਿ ਸੱਦੂਮ ਵਿੱਚ ਅੱਗ ਉੱਤਰੀ ਅਤੇ ਗੈਰਕੌਮਾਂ ਦੇ ਸੰਸਾਰ ਨੂੰ ਸਾੜ ਦਿੱਤਾ, ਫਿਰ ਮਨੁੱਖ ਦੇ ਪੁੱਤਰ ਦਾ ਪ੍ਰਕਾਸ਼ ਆਵੇਗਾ ਉਦਾਂ ਹੀ ਜਿਦਾਂ ਕਿ ਸੱਦੂਮ ਦੀ ਬਰਬਾਦੀ ਤੋਂ ਪਹਿਲਾਂ ਆਇਆ ਸੀ। ਪਿਤਾ, ਹੋਣ ਦੇ ਕਿ ਲੋਕ ਇਹਨੂੰ ਗਵਾ ਨਾ ਲੈਣ।

97 ਅਤੇ ਮੈਂ ਪ੍ਰਾਰਥਨਾ ਕਰਦਾ ਹਾਂ, ਖੁਦਾਵੰਦ ਮੈਂ ਇੱਕ ਭੱਦੀ ਜਿਹੀ ਚੀਜ ਹੋਣ ਦੇ ਨਾਤੇ (ਜੇ ਮੈਂ ਗਲਤ ਆਖਿਆ ਹੈ, ਤਾਂ ਮੈਨੂੰ ਮਾਫ ਕਰਨਾ)। ਇੱਕ ਗੈਰ ਲਾ ਰਿਹਾ ਹਾਂ। ਪ੍ਰਭੂ ਮੈਂ ਉਹਨਾਂ ਨੂੰ ਪਿਆਰ ਕਰਦਾ ਹਾਂ। ਮੈਂ ਪ੍ਰਾਰਥਨਾ ਕਰਦਾ ਹਾਂ ਕਿ ਉਹ ਇਹਨੂੰ ਸਮਝਣ ਵਿੱਚ ਚੂਕ ਨਹੀਂ ਕਰਨਗੇ। ਪ੍ਰਭੂ ਹੋਣ ਦੇ ਕਿ ਇਹ ਸਭ ਤੋਂ ਵੱਡੀ ਮਹਾਨ ਰਾਤ ਹੋਵੇ। ਹੋਣ ਦੇ ਕਿ ਰੋਗੀ, ਦੁਖੀ, ਅੰਨ੍ਹਾ ਜੋ ਕੁਝ ਵੀ ਇੱਥੇ ਮੌਜੂਦ ਹੈ, ਪ੍ਰਭੂ ਉਹ ਅੱਜ ਰਾਤ ਚੰਗਾ ਹੋ ਜਾਵੇ। ਹੋਣ ਦੇ ਕਿ ਹਰੇਕ ਪਾਪੀ ਬਚ ਜਾਵੇ। ਠੀਕ ਉਹਨਾਂ ਦੇ ਦਿਲਾਂ ਦੇ ਅੰਦਰ ਜੇ ਉਹ ਬੇਪਰਤੀਤੇ ਹਨ, ਕਾਸ਼ ਕਿ ਉਹ ਮਸੀਹ ਨੂੰ ਇਸ ਘੜੀ ਕਬੂਲ ਕਰ ਲੈਣ। ਪਿਤਾ ਇਹ ਬਖਸ਼ ਦੇ, ਇਹ ਸਭ ਕੁਝ ਤੇਰੇ ਹੱਥਾਂ ਵਿੱਚ ਹੈ। ਅਸੀਂ ਆਪਣੇ ਆਪ ਨੂੰ ਤੇਰੇ ਹਵਾਲੇ ਕਰਦੇ ਹਾਂ, ਇਹ ਵੇਖਣ ਦੇ ਲਈ ਕਿ ਤੂੰ ਸਾਡੇ ਦਰਮਿਆਨ ਆ ਗਿਆ ਹੈ।

98 ਤੂੰ ਯੂਹੰਨਾ 14:12 ਵਿੱਚ ਆਖਿਆ ਹੈ ਕਿ "ਜਿਹੜਾ ਮੇਰੇ ਉੱਤੇ ਨਿਹਚਾ ਕਰਦਾ ਹੈ, ਜਿਹਦੇ ਕੰਮ ਮੈਂ ਕਰਦਾ ਹਾਂ ਉਹ ਵੀ ਕਰੇਗਾ"। ਅਸੀਂ ਇਹ ਕਿਵੇਂ ਜਾਣਾਂਗੇ ਕਿ ਤੂੰ ਆਪਣੇ ਆਪ ਨੂੰ ਲੋਕਾਂ ਦੇ ਉੱਤੇ ਜਾਣੂ ਕਰਾਇਆ ਹੈ। ਕਿਉਂਕਿ ਤੂੰ ਉਹ ਨਬੀ ਸੀ ਜਿਹਦੇ ਬਾਰੇ ਵਿੱਚ ਮੂਸਾ ਨੇ ਆਖਿਆ ਹੈ ਕਿ ਉਹ ਨਬੀ ਉਠ ਖੜਾ ਹੋਵੇਗਾ। ਉਹਨਾਂ ਦੇ ਕੋਲ ਸੈਂਕੜੇ ਸਾਲਾਂ ਤੋਂ ਕੋਈ ਨਬੀ ਨਹੀਂ ਸੀ ਆਇਆ ਕਿਉਂਕਿ ਸਭਨੀ ਥਾਂ ਵਿਰੋਧਤਾ ਹੀ ਸੀ। ਪਰ ਤਦ ਵੀ ਖੁਦਾ ਦੇ ਪਾਕ ਕਲਾਮ ਨੇ ਤਾਂ ਪੂਰਾ ਹੋਣਾ ਹੀ ਸੀ। ਇਸ ਲਈ ਵਚਨ ਦੇਹਧਾਰੀ ਹੋ ਗਿਆ। ਤੇ, ਪਿਤਾ, ਇਹਨੂੰ ਅੱਜ ਅਸੀਂ ਫਿਰ ਵੇਖਦੇ ਹਾਂ ਤੇ ਉਹ ਵਿਰੋਧਤਾ ਇੱਕ ਵੱਡਾ ਪੂਲਾ ਬਣ ਰਹਿ ਹੈ। ਤੇ ਅਸੀਂ ਵਚਨ ਨੂੰ ਵੀ ਉਸੇ ਹੀ ਢੰਗ ਨਾਲ ਆਉਂਦਾ ਵੇਖ ਰਹੇ ਹਾਂ। ਪਿਤਾ ਅੱਜ ਰਾਤ ਸਾਨੂੰ ਬਰਕਤ ਦੇ। ਤੇਰੇ ਵਚਨ ਦੇ ਨਾਲ ਅਸੀਂ ਆਪਣੇ ਆਪ

ਨੂੰ ਤੇਰੇ ਹਵਾਲੇ ਕਰਦੇ ਹਾਂ। ਜੋ ਵੀ ਤੇਰੀ ਸਾਡੇ ਕਰਨ ਦੀ ਲੋੜ ਹੈ, ਸਾਡੇ ਨਾਲ ਕਰ। ਪ੍ਰਭੂ, ਯਿਸੂ ਦੇ ਨਾਮ ਵਿੱਚ ਇਹ ਮੰਗਦੇ ਹਾਂ। ਆਮੀਨ।

99 [ਇੱਕ ਭੈਣ ਪਰਾਈ ਭਾਖਿਆ ਵਿੱਚ ਬੋਲਦੀ ਹੈ। ਟੇਪ ਵਿੱਚ ਖਾਲੀ ਥਾਂ-ਸੰਪਾ] ਬੜੀ ਸੰਜੀਦਗੀ ਰੱਖੋ, ਅਸੀਂ ਨਹੀਂ ਜਾਣਦੇ ਹਾਂ ਕਿ ਉਸਨੇ ਕੀ ਆਖਿਆ ਹੈ। ਹੋ ਸਕਦਾ ਹੈ ਕਿ ਉਹ ਸਾਨੂੰ ਕੁਝ ਦੱਸਣਾ ਚਾਹੁੰਦਾ ਹੈ। ਇੱਕ ਪਲ ਦੇ ਲਈ ਬੜੇ ਹੀ ਸੰਜੀਦਾ ਰਹੋ।

100 ਆਮੀਨ। ਕੀ ਤੁਸਾਂ ਕਦੇ ਉਹ ਲਿਖਤ ਪੜੀ ਹੈ ਕਿ ਜਿੱਥੇ ਵੈਰੀ ਆ ਰਿਹਾ ਸੀ। ਤੇ ਸਭ ਇਕੱਠੇ ਹੋਏ ਹੋਏ ਸਨ, ਤੇ ਵੈਰੀ ਦੀ ਬੜੀ ਤਕੜੀ ਸ਼ਕਤੀ ਹੈ। ਤੇ ਖੁਦਾ ਦਾ ਪਾਕ ਰੂਹ ਇੱਕ ਆਦਮੀ ਉੱਤੇ ਉੱਤਰ ਆਇਆ। ਤੇ ਉਹਨੂੰ ਦੱਸਿਆ ਤੇ ਉਹਨੇ ਭਵਿੱਖਵਾਣੀ ਕੀਤੀ ਤੇ ਦੱਸਿਆ ਕਿ ਕਿੱਥੇ ਜਾਣਾ ਚਾਹੀਦਾ ਹੈ ਤੇ ਉਡੀਕ ਵਿੱਚ ਬਹਿਣਾ ਚਾਹੀਦਾ ਹੈ। ਤੇ ਉਹਨਾਂ ਨੇ ਆਪਣੇ ਵੈਰੀ ਦਾ ਨਾਸ਼ ਕਰ ਦਿੱਤਾ ਤੇ ਉੱਥੇ ਫਿਰ ਆ ਰਹੀ ਹੈ ਤੇ ਉੱਥੇ ਉਹ ਥਾਂ ਹੈ ਜਿੱਥੇ ਕਿ ਤੁਸੀਂ ਆਪਣੇ ਵੈਰੀ ਦਾ ਨਾਸ਼ ਕਰ ਸਕਦੇ ਹੋ। ਲੱਗੀ ਸਮਝ, ਖੁਦਾ ਦੇ ਹੱਥ ਨੂੰ ਲਓ। ਖੁਦਾ ਦਾ ਹੱਥ ਬੇਸ਼ੱਕ ਮਸੀਹ ਹੈ ਜੋ ਕਿ ਵਚਨ ਹੈ। ਅੱਜ ਰਾਤ ਇਹਨੂੰ ਆਪਣੇ ਦਿਲਾਂ ਵਿੱਚ ਲਓ ਜਦ ਕਿ ਅਸੀਂ ਪ੍ਰਾਰਥਨਾ ਪੰਗਤ ਲਾਉਂਦੇ ਹਾਂ।

101 ਮੈਂ ਯਕੀਨ ਕਰਦਾ ਹਾਂ ਕਿ ਅੱਜ ਰਾਤ ਫਿਰ ਬਿੱਲੀ ਨੇ ਪ੍ਰਾਰਥਨਾ ਪੱਤਰ ਵੰਡੇ ਹਨ ਬੀ, ਬੀ ਐਸ। ਆਓ ਬੀ ਪੰਜਾਸੀ ਨੰਬਰ ਨੂੰ ਲਈਏ। ਪਿਛਲੀ ਰਾਤ ਸਾਡੇ ਕੋਲ ਪੰਦਰਾਂ ਸਨ ਪਿਛਲੀ ਰਾਤ। ਅਸੀਂ ਆਮ ਤੌਰ ਤੇ ਹਰ ਰਾਤ ਸਾਡੇ ਕੋਲ ਪੰਦਰਾਂ ਕੁ ਜਣਿਆਂ ਨੂੰ ਬੁਲਾਉਣ ਦਾ ਜਤਨ ਕਰਦੇ ਹਾਂ, ਹੁਣ ਆਪਣੇ ਪ੍ਰਾਰਥਨਾ ਪਤਰ ਨੂੰ ਫੜੀ ਰੱਖੋ, ਅਸੀਂ ਇਹਨਾਂ ਨੂੰ ਹੁਣ ਲਵਾਂਗੇ। ਆਓ ਪੰਦਰਾਂ ਕੁ ਪੱਤਰਾਂ ਨੂੰ ਲੈਣ ਦੀ ਕੋਸ਼ਿਸ਼ ਕਰੀਏ। ਪੰਜਾਸੀ ਤੋਂ ਲੈ ਕੇ ਸੌ ਤਕ। ਆਓ ਵੇਖੀਏ ਬੀ ਪੰਜਾਸੀ ਕਿਹਦੇ ਕੋਲ ਹੈ ਆਪਣਾ ਹੱਥ ਖੜ੍ਹਾ ਕਰੋ। ਤੁਸੀਂ ਯਕੀਨਨ ਹੋ…ਉਹ ਉੱਥੇ ਪਿਛਾਂਹ, ਠੀਕ ਹੈ, ਪੰਜਾਸੀ ਨੰਬਰ ਹੁਣ ਇੱਥੇ ਉਤਾਂਹ ਆ ਜਾਵੇ।

102 ਹੁਣ, ਮੇਰੇ ਪੁੱਤਰਾ…ਇੱਥੇ ਹੋ ਸਕਦਾ ਹੈ ਕਿ ਕੁਝ ਉਪਰੇ ਹੋਣ ਜੋ ਇਹ ਨਾ ਜਾਣਦੇ ਹੋਣ ਕਿ ਇਹ ਕਿੰਝ ਕੀਤਾ ਜਾਂਦਾ ਹੈ। ਮੇਰਾ ਪੁੱਤਰ ਜਾਂ ਫਿਰ ਕੋਈ ਹੋਰ ਜਣਾ ਇੱਥੇ ਹੇਠਾਂ ਆਵੇਗਾ। ਜੇ ਉਹ ਨਾ ਆ ਸਕੇ। ਤਾਂ ਭਾਈ ਬਾਤਰਜ ਜਾਂ ਕੋਈ ਹੋਰ। ਕੋਈ ਨਾ ਕੋਈ ਆਦਮੀ ਆਵੇਗਾ। ਤੇ ਇਹਨਾਂ ਪੱਤਰਾਂ ਨੂੰ ਲਵੇਗਾ, ਕੋਈ ਸੌ ਕੁ। ਤੇ ਲੋਕਾਂ ਦੇ ਸਾਹਮਣੇ ਖਲੋ ਕੇ ਉਹਨਾਂ ਨੂੰ ਰਲਾ ਦੇਵੇਗਾ। ਸੋ ਇਸ ਲਈ ਉਹ ਤੁਹਾਨੂੰ ਕਾਰਡ ਦੇ ਦੇਵੇਗਾ ਪਰ ਉਹ ਤੁਹਾਨੂੰ ਇਹ ਨਹੀਂ ਦੱਸ ਸਕਦਾ ਹੈ ਕਿ ਤੁਸੀਂ ਇੱਥੇ ਉਤਾਂਹ ਮੰਚ ਉੱਤੇ ਆਉਗੇ। ਉਹ ਇਹ ਨਹੀਂ ਜਾਣਦਾ ਹੈ

ਤੇ ਨਾ ਹੀ ਮੈਂ ਜਾਣਦਾ ਹਾਂ। ਮੈਂ ਤਾਂ ਰਾਤ ਨੂੰ ਆਉਂਦਾ ਹਾਂ ਤੇ ਦੱਸ ਜਾਂ ਪੰਦਰਾਂ ਕਾਰਡ ਲੈ ਲੈਂਦਾ ਹਾਂ ਕਿਤਿਉਂ ਵੀ ਉਹਨਾਂ ਕਾਰਡਾਂ ਦੇ ਵਿੱਚੋਂ। ਉਸ ਗੱਲ ਦਾ ਤੁਹਾਡੀ ਚੰਗਾਈ ਨਾਲ ਕੋਈ ਵਾਸਤਾ ਨਹੀਂ ਹੈ। ਤੁਸੀਂ ਤਾਂ ਠੀਕ ਉੱਥੇ ਬੈਠ ਸਕਦੇ ਹੋ। ਧਿਆਨ ਦਿਓ, ਪਿਛਲੀ ਰਾਤ, ਤੁਹਾਡੇ ਵਿੱਚੋਂ ਕਿੰਨੇ ਮੋਜੂਦ ਸਨ ਆਓ ਤੁਹਾਡੇ ਹੱਥਾਂ ਨੂੰ ਵੇਖੀਏ। ਕਿ ਕਿਵੇਂ ਲੋਕ ਸਾਰੀ ਬੰਦਗੀ ਦੇ ਵਿੱਚ ਹੀ ਚੰਗੇ ਹੋ ਗਏ ਸਨ।

103 ਹੁਣ ਇਹ ਤਾਂ ਪੰਜਾਸੀ, ਛਿਆਸੀ ਤੇ ਸਤਾਸੀ, ਅਠਾਸੀ, ਉਨਾਨਵੇਂ, ਨੱਬੇ। ਉਹਨਾਂ ਨੂੰ ਹੁਣ ਠੀਕ ਆਉਣ ਦਿਓ। ਬੀ। ਪੰਜਾਸੀ, ਛਿਆਸੀ, ਸਤਾਸੀ, ਅਠਾਸੀ, ਉੱਨਾਨਵੇ, ਨੱਬੇ। ਇੱਕ ਹੋਰ ਹੋਣਾ ਚਾਹੀਦਾ ਹੈ। ਯਕੀਨਨ ਸਾਨੂੰ ਹੋਣਾ ਚਾਹੀਦਾ ਹੈ, ਇੱਥੇ ਇੱਕ ਹੋਰ ਹੈ, ਹਾਂ ਜੀ, ਉਹ ਇਹਨੂੰ ਠੀਕ ਕਰ ਦੇਵੇਗਾ। ਨੱਬੇ, ਨੱਬੇ ਤੋਂ ਲੈ ਕੇ ਹੁਣ ਸੌ ਤਕ। ਇਕਾਨਵੇਂ, ਬਾਨਵੇਂ, ਤਰਾਨਵੇ, ਚੁਰਾਨਵੇ, ਪਚਾਨਵੇ, ਛਿਆਨਵੇ, ਸਤਾਨਵੇ, ਅਠਾਨਵੇ, ਨੜੀਨਵੇ।

104 ਜੇ ਤੁਸੀਂ ਚੱਲ ਫਿਰ ਨਹੀਂ ਸਕਦੇ ਹੋ ਤਾਂ ਸਾਡੇ ਕੁਝ ਪਹੀਆਂ ਵਾਲੀਆਂ ਕੁਰਸੀਆਂ ਹਨ, ਤਿੰਨ ਜਾਂ ਚਾਰ ਕੁਰਸੀਆਂ ਹਨ, ਮੈਂ ਯਕੀਨ ਕਰਦਾ ਹਾਂ ਕਿ ਮੈਂ ਵੇਖ ਸਕਦਾ ਹਾਂ। ਜੇ ਤੁਹਾਡੇ ਕੋਲ ਪ੍ਰਾਰਥਨਾ ਪੱਤਰ ਹੈ, ਤੇ ਤੁਹਾਡਾ ਨੰਬਰ ਬੁਲਾਇਆ ਜਾਂਦਾ ਹੈ ਤੇ ਤੁਸੀਂ ਚੱਲ ਫਿਰ ਨਹੀਂ ਸਕਦੇ ਹੋ ਸਿਰਫ਼ ਆਪਣਾ ਹੱਥ ਖੜਾ ਕਰ ਦਿਓ ਅਸੀਂ ਤੁਹਾਨੂੰ ਕੁਰਸੀ ਵਿੱਚ ਬੈਠਾ ਕੇ ਲੈ ਆਵਾਂਗੇ।

105 ਜੇ ਤੁਹਾਡੇ ਕੋਲ ਕੋਈ ਪ੍ਰਾਰਥਨਾ ਪੱਤਰ ਨਹੀਂ ਹੈ, ਬਸ ਉੱਥੇ ਬੈਠੇ ਰਹੋ ਅਤੇ ਪ੍ਰਾਰਥਨਾ ਕਰੋ, ਅਤੇ ਆਖੋ ਕਿ ਪ੍ਰਭੂ ਯਿਸੂ ਅੱਜ ਰਾਤ ਇਹ ਮੈਂ ਹੋਵਾਂ। ਇੱਥੇ ਕਿੰਨੇ ਹਨ ਜਿਹਨਾਂ ਕੋਲ ਪ੍ਰਾਰਥਨਾ ਪੱਤਰ ਨਹੀਂ ਹੈ ਆਪਣੇ ਹੱਥ ਖੜੇ ਕਰੋ। ਔਹ, ਠੀਕ ਹੈ ਔ ਹੁਣ ਇਹਨੂੰ ਆਖੀਏ, ਮੈਂ ਆਸ ਰੱਖਦਾ ਹਾਂ ਕਿ ਇਹ ਭੱਦਾ ਨਹੀਂ ਜਾਪੇਗਾ। ਪਰ ਇੱਕ ਛੋਟੀ ਇਸਤ੍ਰੀ ਸੀ ਇੱਕ ਵਾਰੀ ਜਿਹਦੇ ਕੋਲ ਕਿ ਪ੍ਰਾਰਥਨਾ ਪੱਤਰ ਨਹੀਂ ਸੀ ਅਸੀਂ ਆਖਾਂਗੇ। ਤੇ ਉਹ ਭੀੜ ਦੇ ਵਿੱਚੋਂ ਦੀ ਦਬਾਉਂਦੀ ਹੋਈ ਆਈ। ਉਹਨੇ ਕਿਹਾ (ਹੁਣ ਧਿਆਨ ਨਾਲ ਸੁਣੋ) “ਜੇ ਮੈਂ ਉਸ ਆਦਮੀ ਦੇ ਬਸਤ੍ਰ ਦਾ ਪੱਲਾ ਛੂ ਲਵਾਂ ਤਾਂ ਮੈਂ ਚੰਗੀ ਹੋ ਜਾਵਾਂਗੀ”। ਕਿੰਨੇ ਇਸ ਕਹਾਣੀ ਨੂੰ ਜਾਣਦੇ ਹਨ? ਠੀਕ ਹੈ। ਤੇ ਉਹਨੇ ਕੀ ਕੀਤਾ? ਉਹਨੇ ਉਹਨੂੰ ਛੂ ਲਿਆ ਤੇ ਜਾ ਕੇ ਬੈਠ ਗਈ। ਕੀ ਇਹ ਠੀਕ ਹੈ। ਉਹ ਜਾਣਦਾ ਸੀ ਕਿ ਉਹਦੀ ਕੀ ਮਰਜ ਹੈ। ਕੀ ਇਹ ਠੀਕ ਹੈ। ਉਹ ਜਾਣਦਾ ਸੀ ਕਿ ਉਹਦੀ ਕੀ ਮਰਜ ਹੈ, ਤੇ ਉਹਨੇ ਉਸ ਇਸਤ੍ਰੀ ਨੂੰ ਦੱਸ ਦਿੱਤਾ ਉਸਦੀ ਕੀ ਮਰਜ ਹੈ। ਤੇ ਉਹਨੇ ਆਪਣੇ ਸ਼ਰੀਰ ਵਿੱਚ ਮਹਿਸੂਸ ਕੀਤਾ ਕਿ ਉਹਦਾ ਲਹੂ ਵਗਣਾ ਬੰਦ ਹੋ ਗਿਆ ਹੈ। ਕੀ ਇਹ ਠੀਕ ਹੈ? ਕਿਉਂਕਿ ਉਹਨੇ ਉਹਨੂੰ ਛੂ ਲਿਆ ਸੀ।

106 ਹੁਣ ਅੱਜ ਰਾਤ ਇੱਥੇ ਕਿੰਨੇ ਮਸੀਹੀ ਲੋਕ ਹਨ ਜਿਹੜੇ ਇਹ ਜਾਣਦੇ ਹਨ ਕਿ ਇਬਰਾਨੀਆਂ ਦੀ ਪੁਸਤਕ ਦੇ ਅਨੁਸਾਰ, ਇਬਰਾਨੀਆਂ ਦੀ ਪੁਸਤਕ ਕਿ ਯਿਸੂ ਠੀਕ ਸਾਡਾ ਪ੍ਰਧਾਨ ਜਾਜਕ ਹੈ। ਅਜਿਹਾ ਪ੍ਰਧਾਨ ਜਾਜਕ ਜਿਹੜਾ ਸਾਰੀਆਂ ਦੁਰਬਲਤਾਈਆਂ ਦੇ ਦੁਆਰਾ ਛੂਹਿਆ ਜਾਂ ਸਕਦਾ ਹੈ। ਕੀ ਉਹ ਹੈ? ਠੀਕ ਹੈ। ਜੇ ਉਹ ਉਹੋ ਹੀ ਪ੍ਰਧਾਨ ਜਾਜਕ ਹੈ ਤਾਂ ਉਹ ਉਹੋ ਹੀ ਕੰਮ ਕਰਦਾ ਹੈ। ਪ੍ਰਧਾਨ ਜਾਜਕ, ਤਾਂ ਉਹ ਕਿੰਝ ਕੰਮ ਕਰੇਗਾ। ਉਹ ਉਦਾਂ ਹੀ ਕਾਰਵਾਈ ਕਰੇਗਾ ਜਿਵੇਂ ਕਿ ਉਸਨੇ ਉਦੋਂ ਕੀਤੀ ਸੀ। ਕੀ ਤੁਸੀਂ ਇਹਦਾ ਯਕੀਨ ਕਰਦੇ ਹੋ? ਉਹ ਤਾਂ ਉਦਾਂ ਹੀ ਕਾਰਵਾਈ ਕਰੇਗਾ ਜਿਵੇਂ ਕਿ ਉਸਨੇ ਉਦੋਂ ਕੀਤੀ ਸੀ। ਜੇ ਤੁਸੀਂ ਇਹਦਾ ਯਕੀਨ ਕਰ ਸਕੋ। ਠੀਕ ਹੈ, ਕਿੰਨੇ ਇਹਦਾ ਯਕੀਨ ਕਰਦੇ ਹਨ? ਆਪਣੇ ਹੱਥ ਖੜ੍ਹੇ ਕਰੋ ਅਤੇ ਆਖੋ, “ਮੈਂ ਸੱਚ ਵਿੱਚ ਵਿਸ਼ਵਾਸ ਕਰਦਾ ਹਾਂ?”

107 ਠੀਕ ਹੈ, ਉਹਨਾਂ ਦੇ ਪ੍ਰਾਰਥਨਾ ਪੰਗਤ ਵਿੱਚ ਆਉਣ ਤੋਂ ਪਹਿਲਾਂ ਹੀ, ਤਾਂ ਆਓ ਉੱਥੇ ਬਾਹਰ ਪ੍ਰਾਰਥਨਾ ਪੰਗਤ ਲਾਈਏ। ਮੈਂ ਜਾਣਦਾ ਹਾਂ ਕਿ ਉਹ ਇੱਥੇ ਹਾਜਰ ਹੈ। ਆਓ ਪ੍ਰਾਰਥਨਾ ਪੰਗਤ ਤਿਆਰ ਹੈ। ਅਤੇ ਮੈਂ ਹੁਣ ਬੁਲਾਵਾਂਗਾ ਤੁਸੀਂ ਬਸ ਪ੍ਰਾਰਥਨਾ ਕਰੋ। ਇੱਧਰ ਵੇਖੋ ਤੇ ਪ੍ਰਾਰਥਨਾ ਕਰੋ, ਉਹਦੀ ਨਿਹਚਾ ਕਰੋ।

108 ਇੱਕ ਛੋਟੀ ਜਿਹੀ ਔਰਤ ਇੱਥੇ ਬੈਠੀ ਹੋਈ ਹੈ ਠੀਕ ਮੇਰੀ ਵੱਲ ਵੇਖ ਰਹੀ ਹੈ। ਉਹ ਉਸ ਔਰਤ ਦੇ ਲਾਗੇ ਬੈਠੀ ਹੋਈ ਹੈ ਜਿਹਣੇ ਐਨਕਾਂ ਲਾਈਆਂ ਹੋਈਆਂ ਹਨ। ਕੀ ਤੁਸੀਂ ਉਹਨੂੰ ਨਹੀਂ ਵੇਖ ਸਕਦੇ ਹੋ, ਜੋ ਕਿ ਉਸ ਔਰਤ ਉੱਤੇ ਖਲੌਤਾ ਹੈ। ਇੱਥੇ ਵੇਖੋ। ਸਮਝੇ? ਉਹ ਦਿਲ ਦੀ ਬਿਮਾਰੀ ਤੋਂ ਦੁਖ ਪਾ ਰਹੀ ਹੈ। ਤੁਸੀਂ ਨਿਹਚਾ ਕਰਦੇ ਹੋ ਕਿ ਖੁਦਾ ਤੁਹਾਨੂੰ ਚੰਗਿਆਂ ਕਰ ਦੇਵੇਗਾ। ਜੇ ਤੁਸੀਂ ਨਿਹਚਾ ਕਰਦੇ ਹੋ ਤਾਂ ਆਪਣਾ ਹੱਥ ਖੜਾ ਕਰੋ। ਇਹੋ ਹੀ ਤੁਹਾਡੀ ਮਰਜ ਹੈ। ਇਹ ਠੀਕ ਹੈ, ਹੁਣ ਜੇ ਇਹ ਤੁਹਾਡੀ ਮਰਜ ਹੈ ਤਾਂ ਆਪਣਾ ਹੱਥ *ਇੰਝ* ਖੜ੍ਹਾ ਕਰੋ। ਤੁਹਾਨੂੰ ਹੁਣ ਇਹ ਬਿਮਾਰੀ ਨਹੀਂ ਹੈ। ਤੁਹਾਡੇ ਵਿਸ਼ਵਾਸ ਨੇ ਤੁਹਨੂੰਨ ਚੰਗਿਆ ਕਰ ਦਿੱਤਾ ਹੈ।

109 ਉਹ ਅੱਜ ਕਲ ਅਤੇ ਯੁਗੋਂ ਯੁੱਗਇੱਕੋ ਜਿਹਾ ਹੈ। ਔਹ, ਉੱਥੇ ਤਾਂ ਵਿਰੋਧਤਾ ਹੈ। ਪਰ ਯਿਸੂ ਮਸੀਹ ਤਾਂ ਅੱਜ ਕਲ ਅਤੇ ਯੁਗੋਂ ਯੁੱਗ ਇੱਕੋ ਜਿਹਾ ਹੈ। ਕੀ ਇਹ...ਹੁਣ ਬਸ ਪ੍ਰਾਰਥਨਾ ਕਰਦੇ ਰਹੋ। ਸਮਝੇ? ਤੁਹਾਨੂੰ ਇੱਥੇ ਮੰਚ ਤੇ ਆਉਣ ਦੀ ਲੋੜ ਨਹੀਂ ਹੈ, ਤਾਂ ਕਿ ਤੁਸੀਂ ਜਾਣ ਸਕੋ।

110 ਹੁਣ, ਇਹ ਤਾਂ ਇੱਕ ਇਸਤ੍ਰੀ ਹੈ ਜਿੱਥੋਂ ਤਕ ਕਿ ਮੈਂ ਜਾਣਦਾ ਹਾਂ ਮੈਂ ਉਹਨੂੰ ਕਦੇ ਵੀ ਆਪਣੇ ਜੀਵਨ ਵਿੱਚ ਨਹੀਂ ਵੇਖਿਆ ਹੈ, ਉਹ ਤਾਂ ਸਿਰਫ਼ ਇੱਕ ਔਰਤ ਹੈ ਜੋ ਇੱਥੇ ਖੜ੍ਹੀ ਹੈ। ਉਹਦੇ ਕੋਲ ਇੱਕ ਪ੍ਰਾਰਥਨਾ ਪੱਤਰ ਹੈ ਤੇ ਉਹ ਨਹੀਂ ਜਾਣਦੀ ਹੈ ਕਿ ਉਹਦਾ ਨੰਬਰ ਬੁਲਾਇਆ ਜਾਵੇਗਾ ਕਿ ਨਹੀਂ। ਕਿਸੇ ਨੇ ਤੁਹਾਨੂੰ

ਬਸ ਪ੍ਰਾਰਥਨਾ ਕਾਰਡ ਦੇ ਦਿੱਤਾ ਹੈ, ਤੇ ਤੁਹਾਡਾ ਨੰਬਰ ਬੁਲਾਇਆ ਗਿਆ ਹੈ। ਸੋ ਤੂੰ ਇੱਥੇ ਆ ਗਈ ਹੈਂ। ਕੀ ਇਹ ਠੀਕ ਹੈ? ਮੇਰੇ ਕੋਲ ਕੋਈ ਤਰੀਕਾ ਇਹ ਜਾਨਣ ਦਾ ਨਹੀਂ ਹੈ ਕਿ ਤੂੰ ਕੌਣ ਹੈ, ਤੂੰ ਕੌਣ ਹੈਂ? ਤੂੰ ਕਿਥੋਂ ਆਈ ਹੈਂ? ਤੂੰ ਕੀ ਚਾਹੁੰਦੀ ਹੈਂ? ਇਹਦੇ ਬਾਰੇ ਵਿੱਚ ਕੁਝ ਨਹੀਂ ਜਾਣਦਾ। ਮੈਂ ਤਾਂ ਸਿਰਫ਼ ਇੱਕ ਆਦਮੀ ਹਾਂ, ਤੂੰ ਔਰਤ ਹੈਂ। ਇਹ ਠੀਕ ਹੈ, ਇਹੋ ਹੀ ਤਸਵੀਰ ਇੱਕ ਵਾਰ ਬਾਈਬਲ ਵਿੱਚ ਵੀ ਆਈ ਸੀ, ਯੂਹੰਨਾ 4 ਅਧਿਆਏ ਵਿੱਚ।

111 ਹੁਣ ਤੁਸੀਂ ਆਖਦੇ ਹੋ, "ਭਾਈ ਬ੍ਰਾਨਹਮ ਜੀ ਤੁਸੀਂ ਕੀ ਕੀਤਾ?" ਤਦ ਥੋੜ੍ਹਾ ਜਿਹਾ ਚਿਰ ਪਹਿਲਾਂ, ਬਸ ਥੋੜ੍ਹਾ ਜਿਹਾ ਉਹ ਛੋਟਾ ਗੈਰ ਲਾਇਆ। ਸਮਝੇ? ਮੈਂ ਨਹੀਂ ਜਾਣਦਾ ਹਾਂ, ਸਮਝੇ, ਉਹਨੇ ਇਹ ਕਰਨਾ ਹੈ, ਮੈਂ ਨਹੀਂ ਜਾਣਦਾ ਹਾਂ। ਉਸ ਔਰਤ ਨੇ ਉੱਥੇ ਬਾਹਰ ਕਿੰਝ ਕੀਤਾ? ਮੈਂ ਉਸ ਔਰਤ ਨੂੰ ਆਪਣੀ ਜਿੰਦਗੀ ਵਿੱਚ ਕਦੇ ਨਹੀਂ ਵੇਖਿਆ। ਉਹ ਤਾਂ ਮੇਰੇ ਲਈ ਪੂਰੀ ਤਰ੍ਹਾਂ ਨਾਲ ਅਜਨਬੀ ਹੈ। ਮੈਂ ਯਕੀਨ ਕਰਦਾ ਹਾਂ ਕਿ ਇਹੀ ਔਰਤ ਸੀ। ਉਹ ਕੌਣ ਸੀ ਜੋ ਹੁਣੇ ਹੀ ਬਾਹਰ ਸਭਾ ਵਿੱਚ ਚੰਗਾ ਹੋਇਆ ਸੀ, ਹੱਥ ਖੜ੍ਹਾ ਕਰੋ। ਹਾਂ ਜੀ ਕੀ ਅਸੀਂ ਇੱਕ ਦੂਸਰੇ ਲਈ ਓਪਰੇ ਹਾਂ? ਜੇ ਇਹ ਠੀਕ ਹੈ ਤਾਂ ਆਪਣਾ ਹੱਥ *ਇਦਾਂ* ਹਿਲਾਓ। ਸਮਝੇ, ਮੈਂ ਉਸ ਔਰਤ ਨੂੰ ਕਦੇ ਵੀ ਨਹੀਂ ਵੇਖਿਆ। ਪਰ ਉੱਥੇ ਬੈਠੀ ਹੋਈ ਉਹ ਨਿਹਚਾ ਕਰ ਰਹੀ ਸੀ। ਤੇ ਹੁਣ ਉਹਨੇ ਕਿਸੇ ਚੀਜ ਨੂੰ ਛੂ ਲਿਆ ਹੈ। ਕੀ ਨਹੀਂ ਛੂਹਿਆ? ਜੇ ਉਹ ਮੈਨੂੰ ਛੂਹੇ ਤਾਂ ਉਹਨੂੰ ਕੋਈ ਲਾਭ ਨਹੀਂ ਹੋਵੇਗਾ।

112 ਪਰ ਕੀ ਤੁਸੀਂ ਹੁਣ ਵੇਖ ਨਹੀਂ ਸਕਦੇ ਕਿ ਬਾਈਬਲ ਬਿਲਕੁਲ ਠੀਕ ਖੁਦਾ ਦਾ ਪਾਕ ਕਲਾਮ ਹੈ। ਤੇ ਉਹ ਅੱਜ ਕਲ ਅਤੇ ਯੁਗੋਂ ਯੁੱਗ ਇੱਕੋ ਜਿਹਾ ਹੈ। ਅਸੀਂ ਪਵਿੱਤਰ ਆਤਮਾ ਦਾ ਡੇਰਾ ਬਣ ਜਾਂਦੇ ਹਾਂ ਜੋ ਕਿ ਮਸੀਹ ਹੈ। ਸਮਝੇ? ਉਹ ਅਸਲੀ ਬੀਜ ਹੈ। ਜੇ ਉਹ ਅਸਲੀ ਪਵਿੱਤਰ ਆਤਮਾ ਅਸਲੀ ਬੀਜ ਵਿੱਚ ਆ ਜਾਵੇ। ਤਾਂ ਫਿਰ ਉਹ ਇਹਦਾ ਇੱਕ ਭਾਗ ਹੀ ਨਹੀਂ ਲਵੇਗਾ। (ਕਿਉਂਕਿ ਸ਼ੈਤਾਨ ਇਹਦਾ ਇਸਤੇਮਾਲ ਕਰਦਾ ਹੈ), ਤੁਹਾਨੂੰ ਤਾਂ ਇਹ ਸਾਰੇ ਦਾ ਸਾਰਾ ਹੀ ਲੈਣਾ ਪਵੇਗਾ। ਸਮਝੇ। ਇਹਦਾ ਹਰੇਕ ਵਚਨ, ਕਿਉਂਕਿ ਉਹ ਅੱਧਾ ਖੁਦਾ ਨਹੀਂ ਹੈ। ਸਮਝੇ? ਅਤੇ ਇਹੋ ਕੁਝ ਹੀ ਹੁੰਦਾ ਹੈ।

113 ਹੁਣ, ਇੱਥੇ ਔਰਤ ਹੈ, ਮੈਂ ਉਹਨੂੰ ਕਦੇ ਨਹੀਂ ਵੇਖਿਆ ਹੈ। ਯਿਸੂ ਨੇ ਇਦਾਂ ਦੀ ਇੱਕ ਔਰਤ ਨੂੰ ਇੱਕ ਵਾਰੀ ਲੱਭ ਲਿਆ। ਹੋ ਸਕਦਾ ਹੈ ਕਿ ਉਹਦੀ ਇਹੋ ਹੀ ਹਾਲਤ ਨਹੀਂ ਸੀ। ਮੈਂ ਨਹੀਂ ਜਾਣਦਾ ਤੇ ਉਹ ਖੂਹ ਉੱਤੇ ਬੈਠਾ ਹੋਇਆ ਸੀ, ਉਹਨੂੰ ਸਾਮਰੀਯਾ ਜਾਣ ਦੀ ਲੋੜ ਸੀ। ਅਤੇ ਅਸੀਂ ਪਤਾ ਲਾਇਆ ਹੈ ਕਿ ਸਮਰੀਯਾ ਪਹਾੜ ਦੇ ਥੱਲੇ ਹੈ। ਉਹ ਜਾਂ ਤਾਂ ਫਿਰ ਯਰੀਹੋ ਜਾਂ ਰਿਹਾ ਸੀ, ਤੇ ਉਹ ਸਾਮਰੀਯਾ ਦੇ ਦੁਆਲਿਓਂ ਦੀ ਗਿਆ ਤੇ ਸੂਖਾਰ ਨਾਮੇ ਨਗਰ ਵਿੱਚ ਆ

ਗਿਆ। ਤੇ ਉਹ ਖੂਹ ਉੱਤੇ ਬੈਠ ਗਿਆ ਤੇ ਆਪਣੇ ਚੇਲਿਆਂ ਨੂੰ ਰੋਟੀ ਲੈਣ ਦੇ ਲਈ ਘੱਲ ਦਿੱਤਾ।

114 ਸੰਸਾਰ ਕਿੰਨੇ ਪ੍ਰਕਾਰ ਦੀਆਂ ਜਾਤੀਆਂ ਦੇ ਲੋਕ ਹਨ। ਤਿੰਨ ਪ੍ਰਕਾਰ ਦੇ ਹਾਮ, ਸ਼ੇਮ ਤੇ ਯਾਫ਼ਤ ਦੇ ਲੋਕ। ਅਸੀਂ ਸਭ ਨੂੰਹ ਤੋਂ ਆਏ ਹਾਂ। ਤੇ ਬਾਕੀ ਦਾ ਸਾਰਾ ਸੰਸਾਰ ਉਸ ਸਮੇਂ ਨਾਸ਼ ਕਰ ਦਿੱਤਾ ਗਿਆ ਸੀ। ਸਿਰਫ਼ ਤਿੰਨ ਹੀ ਜਾਤੀਆਂ ਦੇ ਲੋਕ ਪਾਏ ਜਾਂਦੇ ਹਨ। ਯਹੂਦੀ, ਗੈਰਕੋਮਾ ਅਤੇ ਸਾਮਰੀ ਲੋਕ (ਜੋ ਕਿ ਅੱਧੇ ਯਹੂਦੀ ਅਤੇ ਅੱਧੇ ਗੈਰਕੌਮੀ ਲੋਕ ਹਨ)। ਤੇ ਸਾਰੇ ਸੰਸਾਰ ਦੇ ਅੰਦਰ ਇਹੀ ਤਿੰਨ ਜਾਤੀਆਂ ਹਨ। ਸਮਝੇ? ਸਿਰਫ਼ ਤਿੰਨ।

115 ਖੁਦਾ ਦੇ ਅੰਦਰ ਹਰੇਕ ਚੀਜ ਤਿੰਨ ਵਿੱਚ ਸੰਪੂਰਨ ਹੁੰਦੀ ਹੈ। ਜਿਦਾਂ ਕਿ ਇਹ ਤਿੰਨ ਜਿਹਦੇ ਬਾਰੇ ਵਿੱਚ ਮੈਂ ਅੱਜ ਰਾਤ ਗੱਲ ਬਾਤ ਕਰ ਰਿਹਾ ਹਾਂ, ਵਿਰੋਧਤਾ ਦੀਆਂ ਤਿੰਨ ਹਾਲਤਾਂ, ਵਚਨ ਦੇਹਧਾਰੀ ਹੋਇਆ, ਵਗੈਰਾ, ਵਗੈਰਾ। ਸਮਝੇ?

116 ਉਹ, ਜਿਹਣੇ ਯਹੂਦੀਆਂ ਨਾਲ ਗੱਲਬਾਤ ਕੀਤੀ ਉਹਨੇ ਫਿਲੀਪੁਸ ਦੱਸਿਆ। ਜਸ ਉਹ ਉਤਾਂਹ ਨਥਾਨੀਏਲ ਨੂੰ ਲੈ ਕੇ ਆਇਆ ਸੀ। ਜਿੱਥੇ ਕਿ ਉਹ ਸੀ ਅਤੇ ਆਖਿਆ "ਮੈਂ ਉਹਨੂੰ ਵੇਖ ਲਿਆ ਜਦ ਉਹ ਅੰਜੀਰ ਦੇ ਰੁੱਖ ਹੇਠਾਂ ਸੀ"। ਉਹਨੇ ਦੱਸਿਆ...ਇੰਦਰਿਆਸ ਪਤਰਸ ਨੂੰ ਉੱਥੇ ਲਿਆਇਆ ਸੀ, ਉਹਨੇ ਆਖਿਆ, "ਤੇਰਾ ਨਾਮ ਸ਼ਿਮਾਉਨ ਹੈ, ਤੇ ਤੂੰ ਹੁਣ ਇਸ ਤੋਂ ਬਾਅਦ 'ਪਤਰਸ' ਸਦਾਵੇਂਗਾ।" ਤੇ ਆਖਿਆ, "ਤੂੰ ਯੋਨਾਹ ਦਾ ਪੁੱਤਰ ਹੈਂ।" ਸਮਝੇ? ਹੁਣ, ਉਹ ਸਭ ਯਹੂਦੀ ਸਨ।

117 ਪਰ ਇੱਥੇ ਤਾਂ ਉਹ ਗੈਰਕੋਮਾਂ ਦੇ ਕੋਲ ਜਾਂਦਾ ਹੈ। ਇੱਕ ਗੈਰਕੌਮ ਦੇ ਕੋਲ ਨਹੀਂ, ਪਰ ਸਾਮਰੀ ਦੇ ਕੋਲ।

118 ਹੁਣ ਗੈਰ ਕੌਮਾਂ ਦਾ ਸਮਾਂ ਹੈ। ਉਹਨੇ ਉਹ ਕਦੇ ਵੀ ਗੈਰਕੌਮਾਂ ਦੇ ਲਈ ਨਹੀਂ ਕੀਤਾ, ਤੁਸੀਂ ਲਿਖਤਾਂ ਦੀ ਖੋਜ ਕਰੋ। ਕਦੇ ਵੀ ਨਹੀਂ। ਪਰ ਉਹਨੇ ਲੂਕਾ ਦੀ ਅੰਜੀਲ ਦਾ 22 ਅਧਿਆਏ ਵਿੱਚ ਇਹਦਾ ਵਾਇਦਾ ਕੀਤਾ ਹੈ, ਕਿ ਆਮਦ ਤੋਂ ਪਹਿਲਾਂ ਕਰੇਗਾ।

119 ਉਹ ਉੱਥੇ ਬੈਠ ਗਿਆ ਤੇ ਵੇਖੋ ਉੱਥੇ ਉਹ ਔਰਤ ਜੋ ਕਿ ਅੱਧੀ ਯਹੂਦਨ ਅਤੇ ਅੱਧੀ ਗੈਰਕੌਮਾਂ ਵਿੱਚੋਂ ਦੀ ਆ ਗਈ। ਉਹਨੇ ਕਿਹਾ, "ਹੇ ਔਰਤ, ਮੈਨੂੰ ਪਾਣੀ ਪਿਆ"।

120 ਉਹਨੇ ਕਿਹਾ, "ਕਿਉਂ, ਤੈਨੂੰ ਤਾਂ ਇਹ ਮੈਨੂੰ ਪੁੱਛਣਾ ਨਹੀਂ ਚਾਹੀਦਾ ਹੈ। ਤਾਂ ਬਹੁਤ ਵੱਡੀ ਮੰਗ ਕਰ ਦਿੱਤੀ ਹੈ। ਅਸੀਂ ਤਾਂ...ਇੱਥੇ ਤਾਂ ਵੰਡ ਪਈ ਹੋਈ ਹੈ। ਤੂੰ ਯਹੂਦੀ ਹੈਂ ਤੇ ਮੈਂ ਸਾਮਰੀ ਹਾਂ"।

121 ਉਹਨੇ ਕਿਹਾ, "ਜੇ ਤੂੰ ਜਾਣਦੀ ਹੁੰਦੀ ਕਿ ਤੂੰ ਕਿਹੜੇ ਨਾਲ ਗੱਲਬਾਤ ਕਰ ਰਹੀ ਹੈਂ। ਤਾਂ ਮੇਰੇ ਕੋਲ ਪਾਣੀ ਪੀਣ ਲਈ ਮੰਗਦੀ"। ਉਹ ਕੀ ਕਰ ਰਿਹਾ ਸੀ ਉਹਦੇ ਆਤਮਾ ਨੂੰ ਛੂਹ ਰਿਹਾ ਸੀ।

122 ਧਿਆਨ ਦਿਓ ਜਦ ਫਰਿਸੀਆਂ ਨੇ ਉਹਨੂੰ ਇੰਝ ਕਰਦੇ ਵੇਖਿਆ। ਠੀਕ ਹੈ। ਉਹ ਵਿਰੋਧਤਾ ਠੀਕ ਵਚਨ ਦੇ ਵਿਚਕਾਏ ਮੋਜੂਦ ਸੀ। ਉਹਨਾਂ ਨੇ ਕੀ ਆਖਿਆ। ਉਹਨਾਂ ਆਖਿਆ, "ਇਹ ਆਦਮੀ ਬਾਲਜਬੂਲ ਹੈ, ਇਹ ਜੋਤਸ਼ੀ ਹੈ"।

123 ਸਮਝੇ, ਯਿਸੂ ਨੇ ਕਿਹਾ, "ਜੇ ਕੋਈ ਪਵਿੱਤਰ ਆਤਮਾ ਦੇ ਬਾਰੇ ਵਿੱਚ ਇਦਾਂ ਬੋਲੇਗਾ ਜਦੋਂ ਕਿ ਉਹ ਆਪਣੇ ਕੰਮ ਵਿਖਾਉਣ ਲਈ ਆਵੇਗਾ ਤਾਂ ਉਹਨੂੰ ਹਰਗਿਜ ਵੀ ਮਾਫ ਨਹੀਂ ਕੀਤਾ ਜਾਵੇਗਾ"। ਇਹ ਹੈ ਤੁਹਾਡੀ ਵਿਰੋਧਤਾ। ਸਮਝੇ? ਉਹਨੇ ਉਹਨਾਂ ਨੂੰ ਆਖਿਆ ਕਿ ਉਹ ਉਹਨਾਂ ਨੂੰ ਉਦੋਂ ਮਾਫ ਕਰ ਸਕਦਾ ਹੈ। ਕਿਉਂਕਿ ਅਜੇ ਪਵਿੱਤਰ ਆਤਮਾ ਨਹੀਂ ਸੀ ਆਇਆ, ਬਲੀਦਾਨ ਲੇਲਾ ਅਜੇ ਮਰਿਆ ਨਹੀਂ ਸੀ।

124 ਪਰ ਉਸ ਸਾਮਰੀ ਤੀਵੀਂ ਨੇ ਤਾਂ ਇੰਝ ਨਹੀਂ ਸੋਚਿਆ। ਉਸ ਤੀਵੀਂ ਨੇ ਆਖਿਆ, "ਅਸੀਂ ਜਾਣਦੇ ਹਾਂ ਕਿ ਤੂੰ ਨਬੀ ਹੈ," ਉਹਨਾਂ ਕੋਲ ਕਈ ਸਾਲਾਂ ਤੋਂ ਕੋਈ ਨਬੀ ਨਹੀਂ ਸੀ। ਕਿਹਾ, "ਮੈਂ ਮੰਨਦੀ ਹਾਂ ਕਿ ਤੂੰ ਨਬੀ ਹੈ, ਅਤੇ ਹੁਣ ਅਸੀਂ ਜਾਣਦੇ ਹਾਂ ਕਿ ਉਹ ਮਸਾਇਆ ਜੋ ਕਿ ਮਸੀਹ ਅਖਵਾਉਂਦਾ ਹੈ ਜਦ ਉਹ ਆਵੇਗਾ ਤਾਂ ਇਹੋ ਕੁਝ ਹੀ ਉਹ ਕਰੇਗਾ"।

125 ਠੀਕ ਹੈ। ਭਾਈ ਇਹੋ ਹੀ ਉਹਨੇ ਕੀਤਾ। ਤਦ ਉਹ ਅੱਜ ਕਲ ਇੱਕੋ ਜਿਹਾ ਹੈ, ਇਦਾਂ ਹੀ ਉਹਨੇ ਆਪਣੇ ਆਪ ਨੂੰ ਤਦ ਜਾਣੂ ਕਰਾਇਆ। ਕੀ ਅੱਜ ਵੀ ਇਹੋ ਹੀ ਚੀਜ ਨਹੀਂ ਹੈ। ਇਹਨੇ ਉਦਾਂ ਹੀ ਹੋਣਾ ਹੈ। ਤੇ ਇੱਥੇ ਫਿਰ ਇੱਕ ਔਰਤ ਤੇ ਆਦਮੀ ਮਿਲਦੇ ਹਨ। ਉਹ ਸਾਮਰੀ ਤੀਵੀਂ ਨਹੀਂ ਹੈ ਤੇ ਨਾ ਹੀ ਮੈਂ ਉਹ ਆਦਮੀ ਹਾਂ। ਪਰ ਤਦ ਵੀ ਉਹੋ ਹੀ ਪਵਿੱਤਰ ਆਤਮਾ ਇੱਥੇ ਹੈ। ਅਤੇ ਉਹੋ ਹੀ ਵਾਇਦਾ ਕੀਤਾ ਹੈ ਕਿ ਜਿਹੜੇ ਕੰਮ ਉਹਨੇ ਕੀਤੇ ਸਨ, ਅਸੀਂ ਵੀ ਉਹੋ ਹੀ ਕੰਮ ਕਰਾਂਗੇ ਜਦੋਂ ਮਨੁੱਖ ਦਾ ਪੁੱਤਰ ਪ੍ਰਗਟ ਹੋਵੇਗਾ।

126 ਹੁਣ ਤੁਹਾਨੂੰ ਨਾ ਜਾਣਦਾ ਹੋਇਆ (ਤੁਸੀਂ ਜਾਣਦੇ ਹੋ ਕਿ ਇਹ ਸੱਚ ਹੈ), ਅਸੀਂ ਪੂਰੀ ਤਰ੍ਹਾਂ ਨਾਲ ਓਪਰੇ ਹਾਂ ਤੇ ਤੁਸੀਂ ਇੱਥੇ ਖੜ੍ਹੇ ਹੋ। ਹੋ ਸਕਦਾ ਹੈ ਕਿ ਤੁਹਾਨੂੰ ਕੋਈ ਮਰਜ ਹੋਵੇ, ਹੋ ਸਕਦਾ ਹੈ ਕਿ ਨਾ ਵੀ ਹੋਵੇ, ਮੈਂ ਨਹੀਂ ਜਾਣਦਾ। ਪਰ ਜੇ ਪ੍ਰਭੂ ਯਿਸੂ ਮਸੀਹ ਆਪਣੇ ਪਵਿੱਤਰ ਆਤਮਾ ਦੇ ਨਾਲ ਮੇਰੇ ਉੱਤੇ ਇਹਨੂੰ ਪ੍ਰਗਟ ਕਰ ਦੇਵੇ ਕਿ ਤੁਹਾਡੀ ਕੀ ਮਰਜ ਹੈ। ਕੀ ਤੁਸੀਂ ਤਦ ਵਿਸ਼ਵਾਸ ਕਰੋਗੇ ਕਿ ਇਹ ਖੁਦਾ ਦਾ ਪੁੱਤਰ ਹੈ। ਅਤੇ ਕੋਈ ਮਨੁੱਖ ਨਹੀਂ ਹੈ। ਇਹ ਤਾਂ

ਸਿਰਫ਼ ਸ਼ਰੀਰ ਹੈ ਜਾਣ *ਇੱਕ* ਡੇਰਾ ਹੈ ਜਿਹਨੂੰ ਕਿ ਖੁਦਾ ਇਸਤੇਮਾਲ ਕਰਦਾ ਹੈ। ਕਿਸੇ ਨੂੰ ਵੀ ਜਿਹਨੂੰ ਉਹਨੇ ਚੁਣਿਆ ਹੈ। ਤੇ ਉਹ ਆਪਣੀ ਮੁਖਤਿਆਰ ਕਿਰਪਾ ਤੇ ਚੋਣ ਦੇ ਨਾਲ ਇੰਝ ਕਰਦਾ ਹੈ। ਪਰ ਤੁਸੀਂ ਨਿਹਚਾ ਕਰਦੇ ਹੋ, ਤੁਸੀਂ ਕਰੋਗੇ। (ਔਰਤ ਆਖਦੀ ਹੈ, "ਆਮੀਨ";—ਸੰਪਾ)

127 ਸਭਾ ਵਿੱਚ ਕਿੰਨੇ ਜਣੇ ਹਨ ਜਿਹੜੇ ਇਹਦਾ ਯਕੀਨ ਕਰਨਗੇ। ਇੱਥੇ ਅਸੀਂ ਦੋਵੇਂ ਹੀ ਠੀਕ ਇਹਨਾਂ ਲਾਈਨਾਂ ਦੇ ਸਾਹਮਣੇ ਖੜੇ ਹਾਂ, ਕਿ ਅਸੀਂ ਇੱਕ ਦੂਜੇ ਨੂੰ ਇਸ ਜੀਵਨ ਵਿੱਚ ਕਦੇ ਨਹੀਂ ਮਿਲੇ ਹਾਂ। ਤੇ ਨਾ ਹੀ ਮੇਰੇ ਕੋਲ ਕੋਈ ਵਿਚਾਰ ਹੀ ਹੈ, ਕਿ ਉਹ ਔਰਤ ਕੌਣ ਹੈ ਤੇ ਉਹ ਕੀ ਹੈ। ਉਹ ਕਿਥੋਂ ਆਈ ਹੈ ਤੇ ਉਹ ਕੀ ਚਾਹੁੰਦੀ ਹੈ। ਮੈਂ ਕਦੇ ਵੀ ਉਹਨੂੰ *ਆਪਣੇ* ਜੀਵਨ ਵਿੱਚ ਨਹੀਂ ਵੇਖਿਆ ਹੈ। ਤੇ ਨਾ ਹੀ ਉਸ ਔਰਤ ਨੂੰ ਹੀ ਮੈਂ ਕਦੇ ਆਪਣੇ ਜੀਵਨ ਵਿੱਚ ਵੇਖਿਆ ਹੈ। ਪਰ ਵੇਖੋ, ਇੱਥੇ ਇਹ ਹੈ ਜੋ ਕਿ ਮੈਂ ਕਰਨ ਦਾ ਯਤਨ ਕਰ ਰਿਹਾ ਹਾਂ। ਤੇ ਉਸ ਵਿਰੋਧਤਾ ਨੂੰ ਹੁਣ ਤੁਹਾਡੇ ਕੋਲੋਂ ਦੂਰ ਕਰ ਰਿਹਾ ਹਾਂ। ਤੇ ਵਚਨ ਦਾ ਵਿਸ਼ਵਾਸ ਕਰੋ ਜਦ ਕਿ ਵਚਨ ਸਾਡੇ ਦਰਮਿਆਨ ਠੀਕ ਦੇਹਧਾਰੀ ਹੋਇਆ ਹੈ ਤੇ ਵਚਨ ਸਾਡੇ ਸ਼ਰੀਰਾਂ ਦੇ ਅੰਦਰ ਜੀਵੰਤ ਹੋ ਜਾਂਦਾ ਹੈ, ਇਹ ਗੱਲ ਖੁਦ ਦੀ ਹਜੂਰੀ ਨੂੰ ਵਿਖਾਉਂਦੀ ਹੈ।

128 ਹੁਣ ਕਾਸ਼ ਕਿ ਉਹ ਉਹਨੂੰ ਇਹ ਬਖਸ਼ ਦੇਵੇ। ਉਹ ਇੱਕ ਜੋਗ ਕੰਮ ਚਾਹੁੰਦੀ ਹੈ। ਉਹਦਾ ਕੋਈ ਬੱਚਾ ਨਹੀਂ ਹੈ, ਉਹ ਇੱਕ ਬੱਚਾ ਚਾਹੁੰਦੀ ਹੈ। ਉਹ ਚਾਲੀ ਸਾਲ ਦੀ ਹੈ। ਇਹ ਪੱਕੇ ਤੌਰ ਤੇ ਅਸੰਭਵ ਗੱਲ ਨਹੀਂ ਹੈ।

129 ਹੁਣ ਉੱਥੇ ਉਹ ਠੀਕ ਬੈਠੇ ਹੋਏ ਹਨ, ਉਹ ਔਰਤਾਂ ਜੋ ਕਿ ਸਾਰੀ ਜਿੰਦਗੀ ਬਾਂਝ ਸਨ। ਤੇ ਇਦਾਂ ਹੀ ਮੰਚ ਉੱਤੇ ਆਈਆਂ, ਤੇ ਪ੍ਰਭੂ ਨੇ ਉਹਨਾਂ ਨੂੰ ਬੱਚੇ ਬਖਸ਼ ਦਿੱਤੇ। ਤੁਹਾਡੇ ਵਿੱਚੋਂ ਕੁਝ ਆਪਣੇ ਹੱਥ ਖੜ੍ਹੇ ਕਰੋ ਜੋ ਕਿ ਇਹ ਜਾਣਦੇ ਹਨ। ਸਮਝੇ? ਸਮਝੇ? ਮੈਂ ਇੱਕ ਪਿਆਰੀ ਬੱਚੀ ਨੂੰ ਨੂੰ ਉਸ ਦਿਨ ਚੁੱਕਿਆ, ਐਤਵਾਰ ਨੂੰ ਜਦੋਂ ਮੈਂ ਇੱਥੋਂ ਗਿਆ। ਐਤਵਾਰ ਦੀ ਦੁਪਹਿਰ। ਉਹਦੀ ਮਾਂ ਬਾਂਝ ਸੀ, ਖੁਦਾ ਨੇ ਬੋਲਿਆ। ਤੇ ਉਹ ਛੋਟੀ ਕੁੜੀ, ਛੋਟੀ ਜਿਹੀ ਬੜੀ ਮਿੱਠੀ ਚੀਜ, ਕੀ ਉਹ ਇੱਥੇ ਹੈ? ਉਹ ਕਿੱਥੇ ਹੈ? ਹਾਂ ਜੀ ਉਹ ਠੀਕ ਇੱਥੇ ਹਾਜਰ ਹੈ, ਇੱਥੇ ਬੈਠੀ ਹੋਈ ਹੈ...ਮੈਂ ਸੋਚਦਾ ਹਾਂ ਕਿ ਮਾਂ ਉੱਥੇ ਬੈਠੀ ਹੋਈ ਹੈ। ਇੱਥੇ ਉਹ ਛੋਟੀ ਕੁੜੀ ਖੁਦਾ ਆਪ ਹੈ। ਉਹਨੂੰ ਵੇਖੋ।

130 ਹੁਣ, ਉਹ ਖੁਦਾ ਦੀ ਵੱਲੋਂ ਬੋਲਿਆ ਹੋਇਆ ਵਚਨ ਹੈ। ਹੁਣ ਕੀ ਤੁਸੀਂ ਉਹਨੂੰ ਆਪਣੇ ਸਾਰੇ ਦਿਲ ਦੇ ਨਾਲ ਮੰਨਦੇ ਹੋ? ਕੀ ਤੁਸੀਂ ਮੰਨਦੇ ਹੋ ਕਿ ਸਾਰੀ ਬਰਕਤ ਜੋ ਤੁਸਾਂ ਪਾਈ ਹੈ, ਤੁਸੀਂ ਆਪਣੇ ਆਪ ਵਿੱਚ ਮਹਿਸੂਸ ਕਰਦੇ ਹੋ ਕਿ ਖੁਦਾ ਦਾ ਦਿੱਤਾ ਹੋਇਆ ਜਵਾਬ ਹੈ। ਜੇ ਖੁਦਾ ਮੈਨੂੰ ਦੱਸ ਦੇਵੇ ਕਿ ਤੁਹਾਡਾ ਕੀ

ਨਾਮ ਹੈ, ਇਦਾਂ ਤੁਸੀਂ ਵੀ ਬਚੇ ਦਾ ਨਾਮ ਰੱਖ ਸਕਦੇ ਹੋ, ਕੀ ਤੁਸੀਂ ਯਕੀਨ ਕਰੋਗੇ? ਤਦ ਸ਼੍ਰੀਮਤੀ ਥੋਮਪਸਨ ਤੂੰ ਘਰ ਜਾ ਕੇ ਤੇ ਆਪਣਾ ਬੱਚਾ ਪ੍ਰਾਪਤ ਕਰ ਸਕਦੀ ਹੈਂ। ਜੇ ਤੂੰ ਇਹ ਆਪਣੇ ਸਾਰੇ ਦਿਲ ਨਾਲ ਮੰਨ ਲਵੇ।

131 ਕੀ ਤੁਸੀਂ ਆਪਣੇ ਸਾਰੇ ਦਿਲ ਦੇ ਨਾਲ ਵਿਸ਼ਵਾਸ ਕਰਦੇ ਹੋ। ਬਸ ਵਿਸ਼ਵਾਸ ਕਰੋ, ਸ਼ੱਕ ਨਾ ਕਰੋ, ਬਸ ਖੁਦਾ ਦਾ ਵਿਸ਼ਵਾਸ ਕਰੋ। ਖੁਦਾ ਤਾਂ ਖੁਦਾ ਹੈ।

132 ਸ਼੍ਰੀਮਾਨ ਜੀ ਤੁਹਾਡਾ ਕੀ ਹਾਲ ਹੈ। ਮੈਂ ਅੰਦਾਜਾ ਲਾਉਂਦਾ ਹਾਂ ਕਿ ਅਸੀਂ ਵੀ ਓਪਰੇ ਹਾਂ। ਸਿਰਫ਼ ਜਿਹੜੇ ਸਮੇਂ ਮੈਂ ਤੁਹਾਨੂੰ ਆਪਣੇ ਜੀਵਨ ਵਿੱਚ ਵੇਖਿਆ ਹੈ ਜਿਨਾਂ ਕੁ ਮੈਂ ਜਾਣਦਾ ਹਾਂ। ਜਦ ਤੁਸੀਂ ਉੱਥੇ ਆ ਰਹੇ ਸੀ, ਮੈਂ ਸੋਚਿਆ ਕਿ ਤੁਸੀਂ ਸ਼ਕੇਰਿਆਨ ਦੇ ਚਾਚਾ ਹੋ। ਮੈਸ਼ੀਗਿਅਨ, ਭਾਈ ਮੈਸ਼ੀਗਿਅਨ, ਇੱਕ ਗਾਇਕ, ਜਦ ਤੁਸੀਂ ਆਏ ਸੀ, ਤੇ ਤਦ ਮੈਂ ਵੇਖਿਆ ਕਿ ਤੁਸੀਂ ਪ੍ਰਾਰਥਨਾ ਪੰਗਤ ਵਿੱਚ ਜਾ ਰਹੇ ਹੋ ਤੇ ਹੁਣ ਤੁਹਾਡੇ ਲਈ ਅਜਨਬੀ ਹੋਣ ਦੇ ਨਾਤੇ, ਤੁਹਾਡੇ ਲਈ। ਅਤੇ ਹਰ ਪਾਸੇ ਤੋਂ ਹੀ ਮੈਂ ਓਪਰਾ ਹਾਂ। ਜੇ ਹੁਣ ਪ੍ਰਭੂ ਯਿਸੂ ਮਸੀਹ ਮੈਨੂੰ ਕੁਝ ਦੱਸ ਦੇਵੇ, ਕਿ ਜੋ ਤੁਸੀਂ ਹੋ, ਹੋ ਸਕਦਾ ਹੈ ਕਿ ਤੁਸੀਂ ਕੁਝ ਚਾਹੁੰਦੇ ਹੋ। ਆਓ ਇਹਨੂੰ ਆਖੀਏ। ਤੁਹਾਨੂੰ ਦੱਸੇ, ਮੈਨੂੰ ਦੱਸੇ ਕਿ ਤੁਸੀਂ ਕੀ ਚਾਹੁੰਦੇ ਹੋ। ਉਹਨੇ ਤਾਂ ਇਹ ਤੁਹਾਨੂੰ ਪਹਿਲਾਂ ਹੀ ਦੇ ਦਿੱਤਾ ਹੈ। ਬਸ ਉਨਾਂ ਕੁ ਵਧੇਰੇ ਵਿਸ਼ਵਾਸ ਮੰਨਣ ਦੇ ਲਈ ਰੱਖਣਾ ਹੈ।

133 ਹੁਣ ਕਿੰਨੇ ਇਹਨੂੰ ਸਮਝਦੇ ਹਨ? ਸਿਰਫ਼ ਬਹੁਤ ਸਾਰਾ ਵਿਸ਼ਵਾਸ ਇਹਨੂੰ ਮੰਨਣ ਦੇ ਲਈ, ਤੁਹਾਨੂੰ ਉਹ ਮਿਲ ਜਾਂਦਾ ਹੈ ਜੋ ਤੁਸੀਂ ਮੰਗਦੇ ਹੋ।

134 ਸਮਝੇ? ਹੁਣ ਜੇ ਤੁਸੀਂ ਇੱਥੇ ਉੱਤੇ ਆਏ ਹੋ। ਕੁਝ ਚਾਹੁੰਦੇ ਹੋਏ ਤੇ ਉਹ ਮੈਨੂੰ ਦੱਸ ਸਕਦਾ ਹੈ ਕਿ ਤੁਹਾਡੀ ਕੀ ਇੱਛਿਆ ਹੈ। ਤਦ ਤੁਸੀਂ ਜਾਣਦੇ ਹੋ ਕਿ ਮੈਂ ਤੁਹਾਡੀ ਇੱਛਿਆ ਨੂੰ ਨਹੀਂ ਜਾਣਦਾ ਹਾਂ। ਤਾਂ ਫਿਰ ਕੋਈ ਚੀਜ ਹੈ ਜੋ ਕਿ ਇਹ ਕਰ ਰਹੀ ਹੈ। ਹੁਣ ਵਚਨ ਦੇ ਅਨੁਸਾਰ ਉਹਨੇ ਇਹਨੂੰ ਕਰਨ ਦਾ ਵਾਇਦਾ ਕੀਤਾ ਹੈ। ਉਹਨੇ ਇਹਨੂੰ ਕਰਨ ਦਾ ਵਾਇਦਾ ਕੀਤਾ ਹੈ, ਉਹਨੇ ਉਹਨਾਂ ਦੇ ਦਿਲਾਂ ਦੇ ਵਿਚਾਰ ਜਾਣ ਲਏ।

135 ਕੀ ਇਹ ਠੀਕ ਹੈ? ਠੀਕ ਹੈ। ਤੁਹਾਡੀ ਇੱਛਾ ਚੰਗਾਈ ਪਾਉਣ ਦੀ ਹੈ। ਇੱਕ ਚੀਜ ਤੋਂ ਤੁਸੀਂ ਦੁਖ ਪਾ ਰਹੇ ਹੋ, ਤੇ ਉਹ ਹੈ ਘਬਰਾਹਟ, ਅਸਲੀ ਘਬਰਾਹਟ ਤੇ ਪਰੇਸ਼ਾਨੀ, ਇਹ ਠੀਕ ਹੈ ਤੇ ਦੂਜਾ ਤੁਸੀਂ ਪਿੱਠ ਦੀ ਕਿਸੇ ਬਿਮਾਰੀ ਤੋਂ ਦੁਖ ਪਾ ਰਹੇ ਹੋ, ਤੇ ਉਹ ਪਿੱਠ ਦਾ ਕੁਝ ਸਮੇਂ ਤੋਂ ਬਹੁਤ ਹੀ ਮੰਦਾ ਹਾਲ ਹੈ, ਤੇ ਤੁਸੀਂ ਇਹਦਾ ਚਿਰ ਫਾੜ ਵੀ ਕਰਾਇਆ ਸੀ। ਇਹ **ਯਹੋਵਾਹ ਇੰਝ ਫ਼ਰਮਾਉਂਦਾ ਹੈ,**

ਇਹ ਸੱਚਾਈ ਹੈ। ਸਮਝੇ। ਇਹ ਠੀਕ ਹੈ। ਤੇ ਇੱਥੇ ਇੱਕ ਹੋਰ ਚੀਜ ਹੈ, ਤੁਹਾਡੀ ਬਹੁਤ ਹੀ ਡੂੰਘੀ ਚਾਹ ਪਵਿੱਤਰ ਆਤਮਾ ਦਾ ਬਪਤੀਸਮਾ ਪਾਉਣ ਦੀ ਹੈ।

136 ਇਹ ਬਿਲਕੁਲ ਠੀਕ ਹੈ। ਇੱਥੇ ਆਓ। ਪਿਆਰੇ ਖੁਦਾ ਯਿਸੂ ਮਸੀਹ ਦੇ ਨਾਮ ਵਿੱਚ, ਹੋਣ ਦੇ ਕਿ ਇਹ ਆਦਮੀ ਪਵਿੱਤਰ ਆਤਮਾ ਦੇ ਨਾਲ ਭਰ ਜਾਵੇ, ਉਹਦੀਆਂ ਲੋੜਾਂ ਪ੍ਰਭੂ ਯਿਸੂ ਮਸੀਹ ਦੇ ਨਾਮ ਵਿੱਚ ਬਖਸ਼ ਦੇ, ਆਮੀਨ।

ਹੁਣ ਇਹਨੂੰ ਮੇਰੇ ਭਾਈ ਜੀ ਪ੍ਰਾਪਤ ਕਰ ਲਓ। ਸ਼ੱਕ ਨਾ ਕਰੋ, ਸਿਰਫ਼ ਨਿਹਚਾ ਕਰੋ।

137 ਤੁਹਾਡਾ ਕੀ ਹਾਲ ਹੈ? ਮੇਰਾ ਅੰਦਾਜਾ ਹੈ ਕਿ ਜਿੱਥੋਂ ਤਕ ਕਿ ਮੈਂ ਜਾਣਦਾ ਹਾਂ ਕਿ ਅਸੀਂ ਇੱਕ ਦੂਜੇ ਦੇ ਲਈ ਓਪਰੇ ਹਾਂ। ਜੇ ਇਹ ਠੀਕ ਹੈ ਤਾਂ ਕਿਉਂ ਨਹੀਂ ਤਾਂ ਕਿ ਲੋਕ ਇਹਨੂੰ ਜਾਣ ਲੈਣ ਆਪਣਾ ਹੱਥ ਖੜਾ ਕਰੋ ਤਾਂ ਕਿ ਵੇਖ ਲੈਣ ਕਿ ਅਸੀਂ ਓਪਰੇ ਹਾਂ। ਮੈਂ ਉਹਨੂੰ ਆਪਣੇ ਜੀਵਨ ਵਿੱਚ ਕਦੇ ਨਹੀਂ ਵੇਖਿਆ ਹੈ, ਜਾਣਦੇ ਹੋਏ। ਤੇ ਮੇਰਾ ਅੰਦਾਜਾ ਹੈ ਕਿ ਉਹਨੇ ਵੀ ਮੈਨੂੰ ਕਦੇ ਨਹੀਂ ਵੇਖਿਆ, ਜਦ ਤਕ ਕਿ ਇਹ ਬਾਹਰ ਸਭਾ ਵਿੱਚ ਨਾ ਵੇਖ ਲਿਆ ਹੋਵੇ। ਕਿਉਂਕਿ ਸੁਰਗੀ ਪਿਤਾ ਜਾਣਦਾ ਹੈ ਤੇ ਇੱਥੇ ਉਹਦਾ ਵਚਨ ਪਿਆ ਹੈ। ਜਾਣਦੇ ਹੋਏ ਕਿ ਮੈਂ ਇਸ ਔਰਤ ਨੂੰ ਕਦੇ ਵੀ ਆਪਣੇ ਜੀਵਨ ਵਿੱਚ ਨਹੀਂ ਵੇਖਿਆ ਹੈ। ਇਸ ਲਈ ਮੈਂ ਨਹੀਂ ਜਾਣ ਸਕਦਾ ਹਾਂ ਕਿ ਤੂੰ ਕਾਹਦੇ ਲਈ ਇੱਥੇ ਆਈ ਹੈ। ਮੈਂ ਨਹੀਂ ਜਾਣਦਾ ਹਾਂ ਕਿ ਤੂੰ ਕੌਣ ਹੈ, ਜਾਂ ਕੀ, ਕੁਝ ਵੀ ਤੇਰੇ ਬਾਰੇ ਵਿੱਚ ਨਹੀਂ ਜਾਣਦਾ ਹਾਂ। ਮੈਂ ਤੈਨੂੰ ਇੱਕ ਵੀ ਚੀਜ ਨਹੀਂ ਦੱਸ ਸਕਦਾ ਹਾਂ।

138 ਸਿਰਫ਼ ਇੱਕੋ ਹੀ ਗੱਲ ਹੈ, ਇਹ ਤਾਂ ਸਿਰਫ਼ ਵਰਦਾਨ ਹੈ। ਜੇ ਮੈਂ ਦੱਸ ਸਕਾਂ...ਜਿਦਾਂ ਤੁਸੀਂ ਮੈਨੂੰ ਵਿਆਖਿਆ ਕਰਦੇ ਹੋਏ ਥੋੜਾ ਚਿਰ ਪਹਿਲਾਂ ਸੁਣਿਆ ਹੈ। ਸਿਰਫ਼ ਚਲਦਾ ਫਿਰਦਾ ਹਾਂ, ਉਹ ਜੋ ਆਖਦਾ ਹੈ ਉਹਨੂੰ ਸੁਣਦਾ ਹਾਂ, ਜੋ ਵੀ ਮੈਂ ਵੇਖਦਾ ਹਾਂ ਉਹ ਮੈਂ ਆਖ ਸਕਦਾ ਹਾਂ, ਜੋ ਉਹ ਨਹੀਂ ਆਖਦਾ ਹੈ, ਮੈਂ ਨਹੀਂ ਆਖ ਸਕਦਾ। ਫਿਰ ਉਹ ਮੇਰੇ ਵੱਲੋਂ ਹੀ ਹੋਵੇਗਾ, ਤੇ ਇਹ ਗਲਤ ਹੋਵੇਗਾ। ਪਰ ਜੇ ਉਹ ਆਖੇ, ਇਹ ਤਾਂ ਫਿਰ ਬਿਲਕੁਲ ਠੀਕ ਹੈ। ਇਹ ਫਿਰ ਕਦੇ ਵੀ ਗਲਤ ਨਹੀਂ ਹੋ ਸਕਦਾ ਹੈ। ਕਦੇ ਵੀ ਗਲਤ ਨਹੀਂ ਹੋਇਆ ਹੈ। ਇਹ ਕਦੇ ਵੀ ਗਲਤ ਨਹੀਂ ਹੋਵੇਗਾ। ਜਿਨਾਂ ਚਿਰ ਤਕ ਇਹ ਖੁਦਾ ਹੈ। ਸਮਝੇ, ਸਮਝੇ, ਕਿਉਂਕਿ ਖੁਦਾ ਕਦੇ ਗਲਤ ਨਹੀਂ ਹੋ ਸਕਦਾ ਹੈ।

139 ਜੇ ਖੁਦਾ ਮੈਨੂੰ ਦੱਸ ਸਕੇ ਕਿ ਤੁਸੀਂ ਕੀ ਚਾਹੁੰਦੇ ਹੋ, ਤੁਹਾਡੀ ਕੀ ਇੱਛਿਆ ਹੈ। ਤੁਸੀਂ ਇੱਥੇ ਕਾਹਦੇ ਲਈ ਆਏ ਹੋ, ਤੁਸਾਂ ਕੁਝ ਕੀਤਾ ਹੈ, ਜਾਂ ਕੁਝ, ਉਦਾਂ ਦਾ ਕੁਝ। ਜਾਂ ਫਿਰ ਤੁਸੀਂ ਕੌਣ ਹੋ, ਤੁਸੀਂ ਕਿਥੋਂ ਆਏ ਹੋ। ਜੋ ਕੁਝ ਵੀ ਮੈਨੂੰ ਉਹ ਦੱਸਣਾ ਚਾਹੁੰਦਾ ਹੈ। ਤੁਸੀਂ ਨਿਹਚਾ ਕਰੋਗੇ।

140 ਤੁਹਾਡਾ ਧੰਨਵਾਦ। ਇੱਕ ਗੱਲ ਕਿ ਤੁਹਾਡੇ ਪੈਰ ਵਿੱਚ ਕੋਈ ਖਰਾਬੀ ਹੈ। ਤੁਹਾਡੇ ਪੈਰ ਤੁਹਾਨੂੰ ਪਰੇਸ਼ਾਨ ਕਰਦੇ ਹਨ। [ਔਰਤ ਕਹਿੰਦੀ ਹੈ, "ਹਾਂ"ਸੰਪਾ] ਇਹ ਠੀਕ ਹੈ। ਆਪਣਾ ਹੱਥ ਖੜ੍ਹਾ ਕਰੋ। ਤੁਹਾਨੂੰ ਇਸਤ੍ਰੀ ਰੋਗ ਹੈ। ਇਸਤਰੀਆਂ ਵਾਲੀ ਬਿਮਾਰੀ। ਤੁਹਾਡੇ ਦਿਲ ਦੇ ਅੰਦਰ ਇੱਕ ਵੱਡੀ ਚਾਹ ਹੈ। ਤੂੰ ਕੁਝ ਗਵਾ ਬੈਠੀ ਹੈਂ। ਤੇਰਾ ਕੋਈ ਜੀ ਚਲਿਆ ਗਿਆ ਹੈ। ਇਹ ਮੁੰਡਾ ਹੈ। ਤੇਰਾ ਮੁੰਡਾ ਘਰ ਛੱਡ ਗਿਆ ਹੈ, ਘਰੋਂ ਭੱਜ ਗਿਆ ਹੈ। ਤੂੰ ਚਾਹੁੰਦੀ ਹੈਂ ਕਿ ਮੈਂ ਪ੍ਰਾਰਥਨਾ ਕਰਾਂ ਕਿ ਉਹ ਵਾਪਸ ਆ ਜਾਵੇ।

141 ਸੁਰਗ ਦੇ ਖੁਦਾ, ਉਹਦਾ ਬੱਚਾ ਉਹਦੇ ਕੋਲ ਭੇਜ ਦੇ। ਅੱਜ ਰਾਤ ਪਵਿੱਤਰ ਆਤਮਾ ਉਸ ਜਵਾਨ ਆਦਮੀ ਨੂੰ ਸੜਕ ਦੇ ਉੱਤੇ ਰੋਕ ਦੇਵੇ, ਪ੍ਰਭੂ ਉਹਨੂੰ ਆਪਣੀ ਮਾਂ ਕੋਲ ਵਾਪਿਸ ਘੱਲ ਦੇ। ਯਿਸੂ ਦੇ ਨਾਮ ਵਿੱਚ ਆਮੀਨ।

142 ਉਹ ਜਿਹੜਾ ਕਿ ਜਾਣਦਾ ਹੈ ਕਿ ਉਹ ਉਹਨੂੰ ਤੇਰੇ ਕੋਲ ਵਾਪਿਸ ਘੱਲ ਦੇਵੇਗਾ। ਚਿੰਤਾ ਨਾ ਕਰ। ਹੁਣ ਨਿਹਚਾ ਕਰ, ਸ਼ੱਕ ਨਾ ਕਰ। ਬਸ ਨਿਹਚਾ ਕਰ, ਆਪਣੇ ਸਾਰੇ ਦਿਲ ਦੇ ਨਾਲ। ਤੂੰ ਵਿਸ਼ਵਾਸ ਕਰ, ਬਾਕੀ ਦਾ ਸਭ ਖੁਦਾ ਬਖਸ਼ ਦੇਵੇਗਾ।

143 ਹੁਣ ਬਸ ਉਹ ਤਿੰਨ ਜਾਂ ਚਾਰ ਆਤਮਾਂ ਦੀਆਂ ਪਰਖਾਂ, ਜੋ ਕੁਝ ਇਹ ਸੀ, ਸਮਝੇ? ਮੈਂ, ਮੈਂ ਤਾਂ ਕਰਦਾ ਰਹਿੰਦਾ ਹਾਂ, ਜਦ ਤਕ ਕਿ ਮੈਂ ਇਹਨੂੰ ਵੇਖਣੋ ਨਹੀਂ ਹੱਟ ਜਾਂਦਾ ਹਾਂ। ਮੈਂ ਇਹਦੀ ਵਿਆਖਿਆ ਨਹੀਂ ਕਰ ਸਕਦਾ ਹਾਂ। ਇਹਨੂੰ ਸਮਝਾਉਣ ਦਾ ਕੋਈ ਤਰੀਕਾ ਨਹੀਂ ਹੈ। ਤੁਸੀਂ ਆਖਦੇ ਹੋ, "ਤੁਹਾਡਾ ਮਤਲਬ ਹੈ, ਕਿ ਉਹ ਬਹੁਤ ਹੀ ਬੁਰਾ ਸੀ, ਬਜਾਏ ਉਸ ਪੰਜਤਾਲੀ ਮਿੰਟਾਂ ਦੇ ਪ੍ਰਚਾਰ ਦੇ ਜੋ ਤੁਸਾਂ ਕੀਤਾ, ਜਾਂ ਜਿਆਦਾ ਚਿਰ ਜੋ ਤੁਸੀਂ ਸੋਚਦੇ ਹੋ?" ਹਾਂ ਸ਼੍ਰੀਮਾਨ ਜੇ ਉਹ ਤਿੰਨ ਘੰਟਿਆਂ ਦਾ ਵੀ ਪ੍ਰਚਾਰ ਹੁੰਦਾ ਹੈ ਤਾਂ ਇਹ ਉਨਾਂ ਨਹੀਂ ਸੀ ਹੋਣਾ।

144 ਇੱਕ ਔਰਤ ਨੇ ਸਾਡੇ ਪ੍ਰਭੂ ਯਿਸੂ ਦਾ ਬਸਤ੍ਰ ਛੂਹ ਲਿਆ ਤੇ ਉਹ ਲੋਕ ਮੈਨੂੰ ਛੂਹ ਨਹੀਂ ਰਹੇ ਹਨ। ਕਿਉਂ ਇਹ ਔਰਤ ਇੱਥੇ ਸਿਰਫ਼ ਇੱਥੇ ਵੇਖੋ, ਉਹ ਕਰ ਸਕਦੀ ਸੀ…ਉਹਨੇ ਸਿਰਫ਼ ਮੈਨੂੰ ਛੂਹਿਆ ਸਭਨਾ ਪਾਸਿਆਂ ਤੋਂ, ਉਹਦੇ ਨਾਲ ਕੁਝ ਨਹੀਂ ਹੋਇਆ। ਮੈਂ ਤਾਂ ਸਿਰਫ਼ ਇੱਕ ਆਦਮੀ ਹਾਂ। ਪਰ ਉਹਨੇ ਉਹਨੂੰ ਛੂਹਣਾ ਹੈ। ਅਤੇ ਮੈਂ ਇੱਕ ਦਾਤ ਦੇ ਦੁਆਰਾ ਤਾਂ ਇਹ ਤਾਂ ਚੱਲਦਾ ਰਹਿੰਦਾ ਹੈ। ਮੇਰਾ ਆਪਣਾ ਆਪ ਸਾਰਾ ਜਾਂਦਾ ਰਹਿੰਦਾ ਹੈ ਤੇ ਮੈਂ ਸਿਰਫ਼ ਉਹੋ ਹੀ ਆਖਦਾ ਹਾਂ ਜੋ ਮੈਂ ਵੇਖਦਾ ਹਾਂ। ਸਮਝੇ? ਬਸ ਇਨਾਂ ਹੀ ਹੈ। ਜੇ ਉਹ ਮੈਨੂੰ ਛੂਹੇ ਤਾਂ ਉਹਦਾ ਕੋਈ ਅਰਥ ਨਹੀਂ ਹੈ। ਪਰ ਉਹ ਯਿਸੂ ਨੂੰ ਮੇਰੇ ਰਾਹੀਂ ਛੂਹੰਦੀ ਹੈ। ਇਦਾਂ ਹੀ ਉਸ ਔਰਤ ਨੇ ਖੁਦਾ ਨੂੰ ਯਿਸੂ ਦੇ ਰਾਹੀਂ ਛੂਹਿਆ ਸੀ। ਜਦੋਂ ਕਿ ਉਹ ਨਹੀਂ ਸੀ ਜਾਣਦਾ ਕਿ ਉਹਦੀ ਕੀ ਮਰਜ ਹੈ; ਉਹਨੇ ਤਾਂ ਬਸ ਉਹਦਾ ਬਸਤ੍ਰ ਛੂਹ

ਲਿਆ ਸੀ ਤੇ ਜਾ ਕੇ ਉਹ ਬੈਠ ਗਈ। ਤੇ ਉਹਨੇ ਕਿਹਾ ਉਹਨੇ ਆਖਿਆ, “ਮੈਨੂੰ ਕਿਹਨੇ ਛੂਹਿਆ?”

145 ਅਤੇ ਚੇਲਿਆਂ ਨੇ ਆਖਿਆ ਕਿ ਕਿਉਂ ਨਹੀਂ, ਹਰੇਕ ਤੈਨੂੰ ਛੂਹ ਰਿਹਾ ਹੈ। ਤੂੰ ਕਿਉਂ ਆਖਦਾ ਹੈਂ?

ਉਹਨੇ ਕਿਹਾ, “ਮੈਨੂੰ ਇੰਝ ਲੱਗਦਾ ਹੈ ਕਿ ਸ਼ਕਤੀ ਮੇਰੇ ਵਿੱਚੋਂ ਨਿਕਲ ਗਈ ਹੈ”।

146 ਹੁਣ ਤੁਸੀਂ ਜਾਣਦੇ ਹੋ ਕਿ ਸਮਰੱਥ ਕੀ ਹੁੰਦੀ ਹੈ। ਬਲ। ਇੱਕ ਔਰਤ ਦੇ ਛੂਹਣ ਨਾਲ ਹੀ ਕਮਜੋਰ ਪੈ ਗਿਆ। ਤੇ ਉਹ ਖੁਦਾ ਦਾ ਪੁੱਤਰ ਸੀ। ਮੇਰੇ ਬਾਰੇ ਵਿੱਚ ਕੀ ਵਿਚਾਰ ਹੈ ਇੱਕ ਪਾਪੀ ਜੋ ਕਿ ਉਹਦੀ ਕਿਰਪਾ ਦੇ ਨਾਲ ਬਚਾਇਆ ਗਿਆ ਹੈ? ਤੁਸੀਂ ਜਾਣਦੇ ਹੋ ਕਿ ਇਹ ਕਿਉਂ ਵਧੇਰੇ ਹੈ? ਕਿਉਂਕਿ ਉਹਨੇ ਆਖਿਆ ਹੈ, “ਇਹ ਕੰਮ ਜਿਹੜੇ ਮੈਂ ਕਰਦਾ ਹਾਂ ਤੁਸੀਂ ਵੀ ਕਰੋਗੇ। ਇਹਦੇ ਤੋਂ ਵੀ ਵਧੇਰੇ ਤੁਸੀਂ ਕਰੋਗੇ, ਮੈਂ ਆਪਣੇ ਪਿਤਾ ਦੇ ਕੋਲ ਜਾਂਦਾ ਹਾਂ”। “ਮਹਾਨ,” ਉੱਥੇ ਆਖਿਆ ਗਿਆ ਹੈ, ਪਰ ਠੀਕ ਅਨੁਵਾਦ ਇਹ ਉਹ ਹੈ ਕਿ “ਇਹਦੇ ਤੋਂ ਵਧੇਰੇ ਤੁਸੀਂ ਕਰੋਗੇ”।

147 ਹੁਣ ਇਸ ਔਰਤ ਨੂੰ ਮੈਂ ਨਹੀਂ ਜਾਣਦਾ ਹਾਂ। ਮੈਂ ਉਹਦੇ ਬਾਰੇ ਵਿੱਚ ਕੁਝ ਵੀ ਨਹੀਂ ਜਾਣਦਾ ਹਾਂ। ਤੇ ਜਿਦਾਂ ਦੂਜੇ ਲੋਕ ਸਨ, ਉਹ ਵੀ ਮੇਰੇ ਲਈ ਪੂਰੀਂ ਪੂਰੀ ਓਪਰੀ ਸੀ। ਅਸੀਂ ਇੱਕ ਦੂਜੇ ਦੇ ਲਈ ਓਪਰੇ ਹਾਂ। ਸਿਰਫ਼ ਇਸ ਲਈ ਕਿ ਲੋਕ ਇਸਨੂੰ ਜਾਣਦੇ ਹਨ, ਤੁਸੀਂ ਆਪਣਾ ਹੱਥ ਖੜ੍ਹਾ ਕਰ ਕੇ ਤੇ ਆਖੋ ਕਿ “ਅਸੀਂ ਇੱਕ ਦੂਜੇ ਦੇ ਲਈ ਅਜਨਬੀ ਹਾਂ”। ਹੁਣ ਖੁਦਾ ਦਾ ਪੁੱਤਰ ਜੇ ਉਹ ਇੱਕ ਵਾਰੀ ਇੱਕ ਔਰਤ ਨੂੰ ਇਸ ਤਰ੍ਹਾਂ ਦੇ ਛੋਟੇ ਦ੍ਰਿਸ਼ ਉੱਤੇ ਮਿਲਿਆ, ਇੱਕ ਖੂਹ ਉੱਤੇ। ਤੇ ਉਹਨੇ ਉਹਦੇ ਨਾਲ ਇੱਕ ਪਲ ਗੱਲ ਬਾਤ ਕੀਤੀ ਤੇ ਉਹ ਜਾਣ ਗਿਆ ਕਿ ਉਹਦੀ ਕੀ ਮਰਜ ਸੀ। ਅਤੇ ਉਹਨੇ ਉਹਨੂੰ ਦੱਸਿਆ ਕਿ ਉਹਦੀ ਕੀ ਮਰਜ ਸੀ। ਸੋ ਇਹਦੇ ਨਾਲ ਉਹ ਜਾਣ ਗਈ ਕਿ ਇਹ ਉਹੀ ਮਸੀਹ ਸੀ। ਤੁਸਾਂ ਮੈਨੂੰ ਛੂਹਿਆ ਹੈ, ਮੈਂ ਤੁਹਾਨੂੰ ਛੂਹਿਆ ਹੈ, ਤੇ ਕੁਝ ਨਹੀਂ ਹੋਇਆ। ਪਰ ਜੇ ਮੇਰਾ ਵਿਸ਼ਵਾਸ (ਵਰਦਾਨ ਦੇ ਦੁਆਰਾ) ਤੇ ਤੁਹਾਡਾ ਵਿਸ਼ਵਾਸ ਇਹਨੂੰ ਮੰਨਦੇ ਹੋਏ। ਉਹਨੂੰ ਛੂਹ ਸਕਦਾ ਹੈ, ਤੇ ਉਹ ਸਾਡੇ ਰਾਹੀਂ ਬੋਲ ਸਕਦਾ ਹੈ ਮੇਰੇ ਰਾਹੀਂ ਤੁਹਾਡੇ ਨਾਲ ਬੋਲ ਸਕਦਾ ਹੈ। ਤਦ ਤੁਸੀਂ ਜਾਣ ਲਓਗੇ ਕਿ ਉਹ ਇੱਥੇ ਹੈ ਜਿਦਾਂ ਕਿ ਉਹ ਉੱਥੇ ਸੁਖਾਰ ਨਾਮੇ ਨਗਰ ਦੇ ਖੂਹ ਉੱਤੇ ਸੀ। ਸਮਝੇ? ਉਹ ਅੱਜ ਕਲ ਅਤੇ ਯੁਗੋਂ ਯੁੱਗ ਇੱਕੋ ਜਿਹਾ ਹੈ। ਤੁਸੀਂ ਇਹ ਮੰਨਦੇ ਹੋ?

148 ਤੁਹਾਡੀਆਂ ਬਹੁਤ ਸਾਰੀਆਂ ਮੁਸੀਬਤਾਂ ਹਨ। ਬਹੁਤ ਸਾਰੀਆਂ ਔਕੜਾਂ, ਪਰੇਸ਼ਾਨੀਆਂ ਅਤੇ ਦੁਖ ਹਨ। ਇੱਕ ਸਭ ਤੋਂ ਮੁੱਖ ਗੱਲ ਜਿਹਦੇ ਲਈ ਤੁਸੀਂ

ਪ੍ਰਾਰਥਨਾ ਕਰਵਾਉਣਾ ਚਾਹੁੰਦੇ ਹੋ ਉਹ ਜੋੜਾਂ ਦੀ ਪੀੜ ਹੈ। ਇਹ ਠੀਕ ਹੈ। ਇਹ ਠੀਕ ਹੈ। ਤੁਸੀਂ ਜੋੜਾਂ ਦੀ ਪੀੜ ਨਾਲ ਆਕੜ ਜਾਂਦੇ ਹੋ। ਜਦ ਤੁਸੀਂ ਵੇਖੋ ਤਾਂ ਤੁਸੀਂ ਆਪਣਾ ਹੱਥ ਖੜਾ ਕਰੋ...

149 ਤੁਸੀਂ ਇੱਕ ਕਿਸਮ ਨਾਲ ਹੌਲੀ ਚੱਲਦੇ ਹੋ ਮੇਰੀ ਸਭ ਤੋਂ ਵਧੀਆ ਯਾਦਾਸ਼ਤ ਦੇ ਅਨੁਸਾਰ। ਹੋ ਸਕਦਾ ਹੈ ਕਿ ਇੱਕ ਪਲ ਲਈ ਇੰਤਜਾਰ ਕਰੋ। ਹੋ ਸਕਦਾ ਹੈ ਕਿ ਕੁਝ ਹੋਰ ਆਖਿਆ ਜਾ ਸਕੇ। ਜੋ ਕਿ ਲਵੇਗਾ...ਇੱਥੇ ਬਾਹਰ...ਤੁਸੀਂ ਚੀਜਾਂ ਦੇ ਬਾਰੇ ਮਹਿਸੂਸ ਕਰਦੇ ਹੋ, ਤੁਸੀਂ ਜਾਣਦੇ ਹੋ ਜਿਦਾਂ ਕਿ ਸਾਹ ਇਹਨਾਂ ਦੇ ਉਲਟ ਨਿਕਲ ਰਿਹਾ ਹੋਵੇ। ਉਹ ਆਖਦੇ ਹਨ, ਕਿਉਂ ਨਹੀਂ ਜੀ, ਉਹਨੇ ਤਾਂ ਇਹਦਾ ਤੀਹ ਤੁੱਕਾ ਹੀ ਲਾਇਆ ਹੈ ਜਾਂ ਫਿਰ ਤੁਸੀਂ ਜਾਣਦੇ ਹੋ ਕਿ ਇਦਾਂ ਦਾ ਕੁਝ।

150 ਪਰ ਤੁਸੀਂ ਇੱਕ ਵਧੀਆ ਆਦਮੀ ਜਾਪਦੇ ਹੋ, ਬਸ ਮੇਰੇ ਨਾਲ ਗੱਲਬਾਤ ਕਰੋ, ਸਿਰਫ਼ ਇੱਕ ਪਲ ਵਾਸਤੇ। ਆਓ ਇੱਥੇ ਥੋੜ੍ਹੇ ਚਿਰ ਲਈ ਖੜ੍ਹੇ ਰਹੀਏ। ਕਿਉਂਕਿ ਮੈਂ ਸੋਚਦਾ ਹਾਂ ਕਿ ਕੁਝ ਹੋਰ ਤੁਹਾਡੇ ਦਿਲ ਦੇ ਅੰਦਰ ਹੈ, ਜੋ ਕਿ ਤੁਸੀਂ ਖੁਦਾ ਦੇ ਕੋਲੋਂ ਚਾਹੁੰਦੇ ਹੋ। ਹੁਣ ਮੈਂ ਤਾਂ ਤੁਹਾਡੀ ਪ੍ਰਾਰਥਨਾ ਦਾ ਜਵਾਬ ਨਹੀਂ ਦੇ ਸਕਦਾ ਹਾਂ। ਪਰ ਉਹ ਦੇ ਸਕਦਾ ਹੈ, ਕਿਉਂਕਿ ਜੇ ਤੁਸੀਂ ਇਹਦਾ ਵਿਸ਼ਵਾਸ ਕਰੋ ਤਾਂ ਇਹਦਾ ਜਵਾਬ ਤਾਂ ਪਹਿਲਾਂ ਦਿੱਤਾ ਜਾ ਚੁੱਕਾ ਹੈ। ਪਰ ਜੇ ਤੁਸੀਂ ਇਹਦਾ ਬਸ ਵਿਸ਼ਵਾਸ ਕਰਨਾ ਚਾਹੁੰਦੇ ਹੋ, ਤੁਹਾਨੂੰ ਵਿਸ਼ਵਾਸ ਕਰਾਉਣ ਦੇ ਲਈ। ਹੁਣ ਮੈਂ ਤੁਹਾਨੂੰ ਦੱਸਦਾ ਹਾਂ ਕਿ ਇਹ ਤੁਹਾਡੇ ਕਿਸੇ ਪਿਆਰੇ ਦੇ ਬਾਰੇ ਵਿੱਚ ਜੋ ਕਿ ਇੱਥੇ ਨਹੀਂ ਹੈ। ਅਤੇ ਇਹ ਤਾਂ ਭਾਈ ਹੈ। ਅਤੇ ਉਹ ਭਾਈ ਤਾਂ ਇਸ ਦੇਸ਼ ਵਿੱਚ ਵੀ ਨਹੀਂ ਹੈ। ਉਹ ਤਾਂ ਇੱਕ ਕਿਸਮ ਦੇ ਗਿੱਲੇ ਦੇਸ਼ ਵਿੱਚ ਹੈ। ਜਿੱਥੇ ਬਹੁਤ ਸਾਰੀਆਂ ਝੀਲਾਂ ਹਨ। ਮੈਂ ਇਦਾਂ ਆਖਾਂਗਾ ਕਿ ਜਿਦਾਂ ਮਿਸ਼ੀਗਨ ਵਿੱਚ ਹੈ। ਜਾਂ ਕੁਝ...ਹਾਂ ਜੀ ਇਹ ਮਿਸ਼ੀਗਨ ਹੀ ਹੈ ਜਿੱਥੇ ਕਿ ਇੰਝ ਹੈ ਤੇ ਉਹ ਕਿਸੇ ਘਾਤਕ ਬਿਮਾਰੀ ਤੋਂ ਦੁਖ ਪਾ ਰਿਹਾ ਹੈ। ਅਤੇ ਲਾਇਲਾਜ ਗੁਰਦਿਆਂ ਦੀ ਬਿਮਾਰੀ ਹੈ। ਜਿਹਦੇ ਨਾਲ ਉਹ ਪਰੇਸ਼ਾਨ ਹੈ। ਇਹ ਠੀਕ ਹੈ, ਕੀ ਇਹ ਨਹੀਂ ਹੈ? ਇਹ ਗੱਲ ਤਾਂ **ਯਹੋਵਾਹ ਇੰਝ ਫ਼ਰਮਾਉਂਦਾ** ਹੈ। ਹੁਣ ਜਿਹੜਾ ਰੁਮਾਲ ਤੁਹਾਡੇ ਹੱਥ ਵਿੱਚ ਹੈ। ਤੁਸੀਂ ਇਹਨੂੰ ਖੁਦਾ ਦੀ ਵੱਲ ਉਤਾਂਹ ਚੁੱਕੋ। ਤੇ ਇਹ ਰੁਮਾਲ ਆਪਣੇ ਭਰਾ ਦੇ ਕੋਲ ਘੱਲ ਦਿਓ ਤੇ ਉਹਨੂੰ ਆਖੋ ਕਿ ਜਰਾ ਵੀ ਸ਼ੱਕ ਨਾ ਕਰੋ, ਪਰ ਨਿਹਚਾ ਰੱਖੋ, ਇਹ ਨਿਹਚਾ ਕੰਮ ਕਰੇਗੀ, ਤੇ ਉਹ ਚੰਗਾ ਹੋ ਜਾਵੇਗਾ।

151 ਤੇ ਹੁਣ ਜੇ ਤੁਸੀਂ ਇਹਦਾ ਵਿਸ਼ਵਾਸ ਕਰੋ। ਤੁਸੀਂ ਆਪਣੇ ਸਾਰੇ ਦਿਲ ਦੇ ਨਾਲ ਇਸਦਾ ਵਿਸ਼ਵਾਸ ਕਰੋ। ਸਮਝੇ? ਅਤੇ ਤਦ ਜੇ ਤੁਸੀਂ ਇਹਦਾ ਵਿਸ਼ਵਾਸ

ਕਰੋ, ਬਸ ਸਿਰਫ਼ ਇੱਕ ਚੀਜ ਕਰਨੀ ਹੈ। ਤੇ ਉਹ ਹੈ ਕਿ ਇਹਨੂੰ ਪੂਰੇ ਤੌਰ ਤੇ ਕਬੂਲ ਕਰਨਾ ਹੈ। ਕੀ ਇਹ ਠੀਕ ਹੈ?

152 ਹੁਣ ਤੁਸੀਂ ਆਖਦੇ ਹੋ, "ਉਹ ਤਾਂ ਉਹਨਾਂ ਲੋਕਾਂ ਦੀ ਵੱਲ ਵੇਖ ਰਿਹਾ ਹੈ। ਇਹੋ ਹੀ ਕੁਝ ਉਹ ਕਰ ਰਿਹਾ ਹੈ", ਉਹਨਾਂ ਦੀ ਵੱਲ ਵੇਖ ਰਿਹਾ ਹੈ।

153 ਪਰ ਹੋ ਸਕਦਾ ਹੈ ਕਿ ਤੁਸੀਂ ਇਹ ਨਾ ਜਾਣ ਸਕੋ...ਇਹ ਔਰਤ ਇੱਥੇ, ਔਰਤ ਇਸ ਪਾਸੇ ਵੱਲ ਦੀ ਉਤਾਂਹ ਆ ਜਾ, ਇੱਥੇ, ਬਿਮਾਰ, ਜਿਹੜਾ ਵੀ ਤੁਸੀਂ ਹੋ। ਮੈਂ ਉਹਦੀ ਵੱਲ ਨਹੀਂ ਵੇਖ ਰਿਹਾ ਹਾਂ। ਕੀ ਤੂੰ ਨਿਹਚਾ ਕਰਦੀ ਹੈ ਕਿ ਖੁਦਾ ਮੇਰੇ ਉੱਤੇ ਇਹ ਪ੍ਰਗਟ ਕਰ ਸਕਦਾ ਹੈ ਕਿ ਤੇਰੀ ਕਿ ਮਰਜ ਹੈ? ਆਪਣੇ ਹੱਥ ਖੜ੍ਹੇ ਕਰ, ਜੇ ਤੂੰ ਕਰੇ, ਇੱਥੇ ਇਹ ਔਰਤ, ਇੱਥੇ ਇਹ ਔਰਤ। ਬਿਮਾਰ, ਹਾਂ ਜੀਹਾਂ ਜੀ। ਠੀਕ ਮੈਂ ਤਦ ਜੇ ਤੂੰ ਆਪਣੇ ਸਾਰੇ ਦਿਲ ਦੇ ਨਾਲ ਵਿਸ਼ਵਾਸ ਕਰੇ ਤੇ ਉਹ ਸਾਹ ਦੀ ਬਿਮਾਰੀ ਹੈ ਤੈਨੂੰ ਕਦੇ ਵੀ ਫਿਰ ਪਰੇਸ਼ਾਨ ਨਹੀਂ ਕਰੇਗੀ। ਠੀਕ ਹੈ, ਆਪਣੇ ਘਰ ਚਲੀ ਜਾ ਤੇ ਇਸ ਚੰਗਾਈ ਤੇ ਨਿਹਚਾ ਕਰ!...?...

154 ਸਿਰਫ਼ ਵੇਖੋ, ਉੱਥੇ ਇਹ ਹੈ। ਸਮਝੇ, ਉਹ...ਤੁਸੀਂ *ਇਸ* ਪਾਸੇ ਨੂੰ ਵੇਖੋ। ਦਰਸ਼ਨ ਉੱਥੇ ਹੈਗਾ, ਕੋਈ ਪਰਵਾਹ ਨਹੀਂ।, ਕੀ ਹੁੰਦਾ ਹੈ। ਆਮੀਨ! ਕੀ ਤੁਸੀਂ ਇਹਨੂੰ ਵੇਖ ਨਹੀਂ ਸਕਦੇ ਹੋ। ਬਸ ਸਿਰਫ਼ ਸੰਪੂਰਨ ਤੌਰ ਤੇ ਜਿਦਾਂ ਕਿ ਖੁਦਾ ਸੰਪੂਰਨ ਹੋ ਸਕਦਾ ਹੈ।

155 ਤੁਸੀਂ ਵੀ ਇਹਦਾ ਵਿਸ਼ਵਾਸ ਕਰੋ। ਸਾਹ ਦੀ ਬਿਮਾਰੀ ਤੁਹਾਨੂੰ ਵੀ ਛੱਡ ਸਕਦੀ ਹੈ, ਕੀ ਇਹ ਨਹੀਂ ਹੋ ਸਕਦਾ। ਤੁਸੀਂ ਨਿਹਚਾ ਕਰੋ ਤੇ ਇਹ ਤੁਹਾਨੂੰ ਛੱਡ ਕੇ ਚਲੀ ਜਾਵੇਗੀ। ਠੀਕ ਹੈ, ਜਾਓ ਤੇ ਜਾ ਕੇ ਪ੍ਰਭੂ ਯਿਸੂ ਮਸੀਹ ਨੂੰ ਦੱਸੋ ਕਿ ਤੁਸੀਂ ਉਹਦਾ ਵਿਸ਼ਵਾਸ ਕਰਦੇ ਹੋ।

156 ਕਿਸੇ ਦਿਨ ਤੁਹਾਨੂੰ ਡੰਗੋਰੀ ਫੜ ਕੇ ਚਲਣਾ ਪਵੇਗਾ ਜੇ ਉਹ ਜੋੜਾਂ ਦਾ ਦਰਦ ਤੁਹਾਨੂੰ ਅਪਾਹਜ ਕਰ ਦੇਵੇ ਤਾਂ। ਪਰ ਇਹ ਤੁਹਾਨੂੰ ਇੰਝ ਨਹੀਂ ਕਰ ਸਕਦਾ ਹੈ। ਤੁਸੀਂ ਇੰਝ ਨਹੀਂ ਹੋਵੋਗੇ, ਤੁਸੀਂ ਇਹ ਵਿਸ਼ਵਾਸ ਨਹੀਂ ਕਰਦੇ ਕਿ ਇਹ ਹੈ, ਕੀ ਤੁਸੀਂ ਕਰਦੇ ਹੋ? ਤੁਸੀਂ ਤਾਂ ਇਹ ਨਿਹਚਾ ਕਰਦੇ ਹੋ ਕਿ ਤੁਸੀਂ ਚੰਗੇ ਹੋ ਜਾਉਗੇ। ਆਪਣੇ ਰਅਹ ਵਿੱਚ ਚਲੇ ਜਾਓ। ਯਿਸੂ ਮਸੀਹ ਤੁਹਾਨੂੰ ਚੰਗਿਆ ਕਰਦਾ ਹੈ।

157 ਦਿਲ ਦੀ ਬਿਮਾਰੀ ਲੋਕਾਂ ਨੂੰ ਮਾਰ ਸੁੱਟਦੀ ਹੈ। ਪਰ ਇਹਨੇ ਤੁਹਾਨੂੰ ਨਹੀਂ ਮਾਰਨਾ ਹੈ। ਤੁਸੀਂ ਨਿਹਚਾ ਕਰਦੇ ਹੋ ਕਿ ਖੁਦਾ ਤੁਹਾਨੂੰ ਇਹ ਚੰਗਾਈ ਬਖਸ਼ ਦੇਵੇਗਾ, ਤੇ ਤੁਹਾਨੂੰ ਨਰੋਆ ਕਰ ਦੇਵੇਗਾ।ਆਪਣੇ ਸਾਰੇ ਦਿਲ ਦੇ ਨਾਲ ਇਹਦਾ

ਯਕੀਨ ਕਰਦੇ ਹੋਏ ਜਾਓ ਤੇ ਇਹ ਆਖੋ, “ਮੇਰੇ ਲਈ ਇਸ ਮਰਜ ਵਾਸਤੇ ਪ੍ਰਾਰਥਨਾ ਕੀਤੀ ਜਾ ਚੁੱਕੀ ਹੈ”।

158 ਤੁਸੀਂ ਅੰਗਰੇਜੀ ਬੋਲ ਸਕਦੇ ਹੋ। ਤੁਸੀਂ ਅੰਗਰੇਜੀ ਸਮਝਦੇ ਹੋ। ਹਾਂ ਜੀ, ਠੀਕ ਹੈ। ਕੀ ਤੁਸੀਂ ਉਸ ਔਰਤ ਦੇ ਨਾਲ ਬੋਲੋਗੇ ਜੋ ਵੀ ਮੈਂ ਉਹਨੂੰ ਦੱਸਾਂ। ਉਹਨੂੰ ਦੱਸੋ ਕਿ ਜੇ ਉਹ ਨਿਹਚਾ ਕਰੇ, ਤਾਂ ਉਹਦੀ ਪੇਟ ਦੀ ਬਿਮਾਰੀ ਜਾਂਦੀ ਰਹੇਗੀ। ਉਹ ਇਹਦਾ ਯਕੀਨ ਕਰੇਗੀ। ਤੁਹਾਡੀ ਪਿੱਠ ਦੀ ਬਿਮਾਰੀ ਤੁਹਾਨੂੰ ਵੀ ਛੱਡ ਕੇ ਚਲੀ ਜਾਏਗੀ। ਹੁਣ ਤੁਸੀ ਆਪਣੇ ਰਾਹ ਜਾ ਸਕਦੇ ਹੋ ਤੇ ਚੰਗੇ ਹੋ ਜਾਉਗੇ।

ਤੁਹਾਡਾ ਕੀ ਹਾਲ ਹੈ? ਤੁਸੀਂ ਨਿਹਚਾ ਕਰਦੇ ਹੋ?

159 ਉਹ ਆਦਮੀ ਜਿਹੜਾ ਉੱਥੇ ਬੈਠਾ ਹੋਇਆ ਹੈ ਤੇ ਜਿਹਨੂੰ ਕਮਰ ਦੀ ਬਿਮਾਰੀ ਹੈ। ਮੇਰਾ ਵੱਲ ਵੇਖ ਰਿਹਾ ਹੈ, ਜਦ ਮੈਂ ਇਹ ਆਖਿਆ, ਉਹ ਵੀ ਚੰਗਾ ਹੋ ਸਕਦਾ ਹੈ। ਸ਼੍ਰੀਮਾਨ ਜੀ ਜੇ ਤੁਸੀਂ ਇਹਦੀ ਨਿਹਚਾ ਕਰੋ।

160 ਠੀਕ ਹੈ ਸ਼੍ਰੀਮਾਨ ਜੀ। ਉੱਥੇ ਤੁਹਾਡੇ ਲਾਗੇ ਬੈਠੀ ਹੋਈ ਔਰਤ। ਤੁਹਾਡੀ ਧੋਣ ਨੂੰ ਕੋਈ ਨੁਕਸ ਹੈ, ਔਰਤ ਕੀ ਤੁਹਾਨੂੰ ਨਹੀਂ ਹੈ। ਤੂੰ ਨਿਹਚਾ ਕਰਦੀ ਹੈਂ ਕਿ ਖੁਦਾ ਤੈਨੂੰ ਚੰਗਿਆ ਕਰ ਦੇਵੇਗਾ। ਤੂੰ ਛੋਟੇ ਬੱਚੇ ਦੇ ਉੱਤੇ ਉਹਦੇ ਗੋਡਿਆਂ ਦੇ ਲਈ ਹੱਥ ਧਰਨੇ ਚਾਹੁੰਦੀ ਹੈ ਤਾਂ ਕਿ ਉਹ ਚੰਗਾ ਹੋ ਜਾਵੇ। ਉਹ ਵੀ। ਕੀ ਤੂੰ ਇਹਦਾ ਵਿਸ਼ਵਾਸ ਕਰਦੀ ਹੈਂ? ਤੈਨੂੰ ਔਰਤਾਂ ਵਾਲਾ ਰੋਗ ਹੈ, ਇਸਤਰੀਆਂ ਵਾਲਾ ਰੋਗ, ਹੁਣ ਇਹ ਤੈਨੂੰ ਨਹੀਂ ਹੈ। ਤੇਰੇ ਵਿਸ਼ਵਾਸ ਨੇ ਤੈਨੂੰ ਚੰਗਿਆ ਕਰ ਦਿੱਤਾ ਹੈ ਤੇ ਤੂੰ ਸੰਪੂਰਨ ਨਰੋਈ ਹੋ ਗਈ ਹੈ।

161 ਕੀ ਤੁਸੀਂ ਨਿਹਚਾ ਕਰਦੇ ਹੋ ਕਿ ਯਿਸੂ ਮਸੀਹ ਅੱਜ ਕਲ ਤੇ ਯੁਗੋ ਯੁੱਗ ਇੱਕੋ ਜਿਹਾ ਹੈ। ਤਦ ਆਓ ਆਪੋ ਆਪਣੇ ਹੱਥ ਇੱਕ ਦੂਜੇ ਉੱਤੇ ਧਰ ਦੇਈਏ, ਇਹ ਨਿਹਚਾ ਵਾਲੀ ਪ੍ਰਾਰਥਨਾ ਕਰੀਏ, ਸਾਡੇ ਵਿੱਚੋਂ ਹਰੇਕ ਵਿਸ਼ਵਾਸ ਵਾਲੀ ਪ੍ਰਾਰਥਨਾ ਕਰੋ।

162 ਪਿਆਰੇ ਖੁਦਾ, ਜਦ ਕਿ ਅਸੀਂ ਤੇਰੀ ਰੱਬੀ ਹਜੂਰੀ ਦੇ ਨਾਲ ਇਨੇ ਕੁ ਢੱਕੇ ਹੋਏ ਹਾਂ। ਤੈਨੂੰ ਸਭਾ ਦੇ ਵਿੱਚੋਂ ਦੀ ਚੱਲਦੇ ਫਿਰਦੇ ਵੇਖਦੇ ਹਾਂ। ਸਭਨੀ ਥਾਈ ਬਿਮਾਰਾਂ ਨੂੰ ਚੰਗਾ ਕਰਦੇ ਹੋਏ। ਤੂੰ ਖੁਦਾ ਹੈ। ਮੈਂ ਪ੍ਰਾਰਥਨਾ ਕਰਦਾ ਹਾਂ ਕਿ ਤੂੰ ਇਸ ਸਾਰੀ ਸਭਾ ਨੂੰ ਹੀ ਚੰਗਾ ਕਰ ਦੇ। ਹੋਣ ਦੇ ਕਿ ਖੁਦਾ ਸਾਹ ਉਹਨਾਂ ਦੇ ਦਿਲਾਂ ਵਿੱਚ ਤਾਜਾ ਫੂਕਿਆ ਜਾਵੇ, ਤਾਂ ਕਿ ਉਹ ਜਾਣ ਲੈਣ ਕਿ ਸਮਾਂ ਖਤਮ ਹੋ ਰਿਹਾ ਹੈ। ਅਸੀਂ ਬਸ ਥੋੜਾ ਜਿਹਾ ਚਿਰ ਹੀ ਇੱਥੇ ਹੋਵਾਂਗੇ। ਤਦ ਜਿਹਨੂੰ ਅਸੀਂ ਪਿਆਰ ਕਰਦੇ ਹਾਂ ਉਹਦੇ ਨਾਲ ਹੋਵਾਂਗੇ। ਹੋਣ ਦੇ ਕਿ ਉਹਦੀ ਹਜੂਰੀ ਹੁਣ ਹਰੇਕ ਨੂੰ ਚੰਗਾਈ ਬਖਸ਼ ਦਵੇ।

163 ਅਸੀਂ ਸ਼ੈਤਾਨ ਦਾ ਖੰਡਨ ਕਰਦੇ ਹਾਂ। ਅਸੀਂ ਉਹਦੀਆਂ ਸਾਰੀਆਂ ਕਾਲੀਆਂ ਕਰਤੂਤਾਂ ਦਾ ਖੰਡਨ ਕਰਦੇ ਹਾਂ। ਯਿਸੂ ਮਸੀਹ ਦੇ ਨਾਮ ਵਿੱਚ ਸ਼ੈਤਾਨ ਇਹਨਾਂ ਲੋਕਾਂ ਵਿੱਚੋਂ ਬਾਹਰ ਆ ਜਾ।

164 ਉਹ ਸਭ ਜਿਹੜੇ ਕਿ ਉਹਦਾ ਹੁਣ ਵਿਸ਼ਵਾਸ ਕਰਨਗੇ। ਆਪਣੀ ਚੰਗਾਈ ਨੂੰ ਕਬੂਲ ਕਰੋ, ਆਪਣੇ ਪੈਰਾਂ ਦੇ ਉੱਤੇ ਖੜ੍ਹੇ ਹੋ ਜਾਓ। ਤੇ ਆਖੋ, "ਮੈਂ ਆਪਣੀ ਚੰਗਾਈ ਕਬੂਲ ਕਰਨ ਦੇ ਲਈ ਹੁਣ ਖੜਾ ਹੁੰਦਾ ਹਾਂ"। ਮੈਂ ਇਹਦਾ ਯਕੀਨ ਕਰਦਾ ਹਾਂ, ਆਪਣੀ ਹਾਲਤ ਦੀ ਪਰਵਾਹ ਨਾ ਕਰਦੇ ਹੋਏ, ਜੇ ਤੁਸੀਂ ਸੱਚ ਵਿੱਚ ਇਹਦਾ ਯਕੀਨ ਕਰੋ, ਆਪਣੇ ਪੈਰਾਂ ਦੇ ਉੱਤੇ ਖੜ੍ਹੇ ਹੋ ਜਾਓ। ਹੁਣ ਆਪਣੇ ਹੱਥਾਂ ਨੂੰ ਖੜਾ ਕਰੋ, ਅਤੇ ਆਖੋ, "ਪ੍ਰਭੂ ਯਿਸੂ ਮਸੀਹ ਤੇਰਾ ਸ਼ੁੱਕਰ ਹੋਵੇ, ਮੈਨੂੰ ਚੰਗਿਆ ਕਰਨ ਦੇ ਲਈ"। ਖੁਦਾ ਤੁਹਾਡੇ ਅੰਗ ਸੰਗ ਹੋਵੇ।

**ਵਿਰੋਧ ਦਾ ਬੀਜ** PUN65-0118

(The Seed Of Discrepancy)

ਇਹ ਸੰਦੇਸ਼ ਭਾਈ ਵਿਲਿਅਮ ਮੈਰਿਅਨ ਬ੍ਰਾਨਹਮ ਦੁਆਰਾ, ਮੂਲ ਰੂਪ ਚ ਅੰਗਰੇਜੀ ਭਾਸ਼ਾ ਵਿੱਚ ਸੋਮਵਾਰ ਸ਼ਾਮ ਨੂੰ, ਜਨਵਰੀ 18, 1965, ਨੂੰ ਦਿੱਤਾ ਗਿਆ ਵੈਸਟਵਾਰਡ ਹੋ ਹੋਟਲ ਫਿਨਿਕਸ, ਏਰਿਜੋਨਾ, ਯੂ.ਐਸ.ਏ. ਵਿੱਚ ਫੁੱਲ ਗੋਸਪਿਲ ਬਿਜਨੇਸ ਮੇਂਸ ਫੈਲੋਸ਼ਿਪ ਅੰਤਰ ਰਾਸ਼ਟਰੀ ਦੇ ਲਈ, ਮੈਗਨੇਟਿਕ ਟੈਪ ਰਿਕਾਡਿੰਗ ਵਿੱਚੋਂ ਲਿਆ ਗਿਆ ਅਤੇ ਅੰਗਰੇਜੀ ਵਿੱਚ ਛਪਿਆ ਗਿਆ। ਇਹ ਪੰਜਾਬੀ ਅਨੁਵਾਦ ਵੋਈਸ ਆਫ਼ ਗੋਡ ਰਿਕਾਡਿੰਗ ਦੁਆਰਾ ਪ੍ਰਿੰਟ ਕੀਤਾ ਗਿਆ ਅਤੇ ਵੰਡਿਆ ਗਿਆ।

PUNJABI

©2021 VGR, ALL RIGHTS RESERVED

VOICE OF GOD RECORDINGS, INDIA OFFICE
19 (NEW NO: 28) SHENOY ROAD, NUNGAMBAKKAM
CHENNAI 600 034, INDIA
044 28274560 • 044 28251791
india@vgroffice.org

VOICE OF GOD RECORDINGS
P.O. BOX 950, JEFFERSONVILLE, INDIANA 47131 U.S.A.
www.branham.org

# ਕਾਪੀਰਾਈਟ ਨੋਟਸਿ

ਸਾਰੇ ਹੱਕ ਰਾਖਵੇਂ ਹਨ । ਇਹ ਕਤਿਾਬ ਨਜਿੀ ਵਰਤੋਂ ਜਾਂ ਯਸਿੂ ਮਸੀਹ ਦੇ ਸੁਭਸਮਚਾਰ ਦੇ ਪ੍ਰਸਾਰ ਵਾਸਤੇ ਮੁਫ਼ਤ ਵੰਡਣ ਲਈ, ਘਰੇਲੂ ਪ੍ਰਟਿੰਰ ਤੇ ਛਾਪੀ ਜਾ ਸਕਦੀ ਹੈ । ਇਹ ਕਤਿਾਬ ਵੋਇਸ ਆਫ ਗੋਡ ਰਕਿਾਰਡਗਿੰਜ® ਵਲੋਂ ਲਖਿਤੀ ਇਜ਼ਾਜ਼ਤ ਦੇ ਬਨਿਾ ਵੇਚੀ, ਵੱਡੇ ਪੈਮਾਨੇ ਤੇ ਦੁਬਾਰਾ ਛਾਪੀ, ਕਸਿੇ ਵੈਬਸਾਈਟ ਤੇ ਪੋਸਟ, ਕਸਿੇ ਰੀਟਰੀਵਲ ਸਸਿਟਮ ਤੇ ਸਟੋਰ, ਕਸਿੇ ਹੋਰ ਭਾਸ਼ਾ ਵਚਿ ਅਨੁਵਾਦ, ਜਾਂ ਪੈਸੇ ਦੀ ਮੰਗ ਲਈ ਨਹੀਂ ਵਰਤੀ ਜਾ ਸਕਦੀ ਹੈ । ਵਧੇਰੇ ਜਾਣਕਾਰੀ ਜਾਂ ਹੋਰ ਉਪਲੱਬਧ ਸਮਗਰੀ ਦੇ ਲਈ, ਕਰਿਪਾ ਕਰੇ ਸੰਪਰਕ ਕਰੋ:

VOICE OF GOD RECORDINGS
P.O. BOX 950, JEFFERSONVILLE, INDIANA 47131 U.S.A.
www.branham.org